ਤੀਰਥ ਯਾਤ੍ਰਾ ਅਤੇ ਗੁਰਬਾਣੀ

(ਸੰਪਾਦਕ: ਅਨੰਤ ਪ੍ਰਵਾਹ ਟ੍ਰੱਸਟ ਯੂ.ਕੇ.)

ਇਹ ਗੱਲ ਯਾਦ ਕਰਕੇ ਬਹੁਤ ਦੁੱਖ ਹੁੰਦਾ ਹੈ ਕਿ ਬ੍ਰਾਹਮਣ ਦਾ ਚੇਲਾ ਬਣ ਕੇ ਨਾਮ ਧਰੀਕ ਸਿੱਖ ਨੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਸੂਰਜ ਵਾਂਗ ਲਿਸ਼ਕਾਰੇ ਮਾਰਦੇ ਗੁਰੂ ਇਤਿਹਾਸ ਨੂੰ ਵੀ ਗ੍ਰਹਿਣ ਲਾ ਦਿੱਤਾ ਹੈ। ਹੇਮਕੁੰਡ ਤੀਰਥ ਦੇ ਬਣ ਜਾਣ ਤੇ ਗੁਰੂ ਇਤਿਹਾਸ ਬੇਦਾਗ਼ ਨਹੀਂ ਰਿਹਾ। ਇਸ ਤੀਰਥ ਅਸਥਾਨ ਦਾ ਵੀ ਕਿਸੇ ਇਤਿਹਾਸਿਕ ਘਟਨਾ ਨਾਲ ਦੂਰ ਦਾ ਵੀ ਕੋਈ ਸੰਬੰਧ ਨਹੀਂ ਹੈ। ਇਹ ਹੇਮਕੁੰਡ ਸਾਹਿਬ ਵੀ ਨਿਰੋਲ ਕਲਪਣਾ ਦੀ ਉਪਜ, ਮਿਥਿਹਾਸਿਕ ਲਿਖਤ ਦਾ ਹੀ ਇੱਕ ਨਿਆਰਾ ਚਮਤਕਾਰ ਹੈ। ਅਜਿਹੇ ਤੀਰਥ ਅਸਥਾਨ ਕੇਵਲ ਕੁਟਲਨੀਤ ਲਿਖਾਰੀ ਦੀ ਮਾਇਆ ਗ੍ਰਸੀ ਯੋਜਨਾ ਨਾਲ ਪਾਏ ਭਰਮ ਨੇ ਹੀ ਬਣਵਾਏ ਹਨ।

ਕਿਸੇ ਮਹਾਂਪੁਰਖ ਦੀ ਪਰਉਪਕਾਰੀ ਜੀਵਨੀ ਦੇ ਇਤਿਹਾਸ ਦੇ ਆਧਾਰ 'ਤੇ ਬਣੇ ਤੀਰਥ ਅਸਥਾਨ ਦੇ ਦਰਸ਼ਨਾਂ ਲਈ ਜਾਣ ਵਾਲੇ ਦੇ ਹਿਰਦੇ ਵਿੱਚ ਕਿਸੇ ਸੁਆਰਥੀ ਲਾਲਸਾ ਦੇ ਹੋਣ ਦੀ ਥਾਂ 'ਤੇ ਉਸ ਮਹਾਂਪੁਰਖ ਦੇ ਦੈਵੀ ਗੁਣਾਂ ਕਾਰਨ ਬਣੀ ਅਥਾਹ ਸ਼ਰਧਾ ਹੋਣੀ ਚਾਹੀਦੀ ਹੈ। ਫਿਰ ਗੁਣਾਂ ਦੀ ਸਾਰ ਜਾਨਣ ਵਾਲੇ ਸੱਚੇ ਆਸ਼ਕ ਨੂੰ ਉਹ ਅਸਥਾਨ, ਉਸ ਪਿਆਰੇ ਦੇ ਆਤਮਿਕ ਦਰਸ਼ਨਾਂ ਦਾ ਸੋਮਾ ਬਣਿਆ ਦਿਸਦਾ ਹੈ। ਮਨੁੱਖਤਾ ਦੇ ਪਿਆਰ ਵਿੱਚ ਆਪਣੀ ਜ਼ਿੰਦਗੀ ਲਾ ਦੇਣ ਵਾਲੇ ਅਤੇ ਸੰਸਾਰ ਨੂੰ ਕੇਵਲ ਸੱਚ ਨਾਲ ਜੋੜ ਦੇਣ ਦੇ ਯਤਨਾਂ ਵਿੱਚ ਜੀਵਨ ਲਾ ਗਏ ਮਹਾਂਪੁਰਖ ਦੀ ਜੀਵਨੀ ਨਾਲ, ਜਿੰਨ੍ਹਾਂ ਬਹੁਤ ਪਿਆਰ ਹੋਵੇ, ਉਨ੍ਹੀ ਹੀ ਵੱਧ ਇੱਛਾ ਹੁੰਦੀ ਹੈ ਉਸ ਪਾਵਨ ਪਵਿਤ੍ਰ ਥਾਂ ਵੇਖਣ ਦੀ। ਅਜਿਹੀ ਪ੍ਰੇਮ ਡੋਰੀ ਪ੍ਰੇਮੀ ਨੂੰ ਉਨ੍ਹਾਂ ਤੀਰਥ ਅਸਥਾਨਾਂ ਵੱਲ ਨੂੰ ਖਿੱਚ ਪਾਈ ਰੱਖਦੀ ਹੈ।

ਰੱਬੀ ਦੇਸ਼ ਦੇ ਵਾਸੀ, ਜਿਸ ਗੁਰੂ ਨੇ ਮਨੁੱਖ ਨੂੰ ਪਰਮ ਆਨੰਦ ਨਾਲ ਜੋੜਿਆ ਹੈ, ਉਸ ਰੱਬ ਰੂਪ ਮਹਾਨ ਗੁਰੂ ਦੇ ਆਤਮਿਕ ਦਰਸ਼ਨਾਂ ਲਈ ਬਿਰਹਾ ਭਰਿਆ ਹਿਰਦਾ ਇਉਂ ਪੁਕਾਰਾਂ ਕਰ ਰਿਹਾ ਹੁੰਦਾ ਹੈ:

– ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ॥
ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਕਰਹਲੁ ਬੇਲਿ ਰੀਝਾਈ॥ਰਹਾਉ॥
ਹਮਰਾ ਮਨੁ ਬੈਰਾਗ ਬਿਰਕਤੁ ਭਇਓ ਹਰਿ ਦਰਸਨ ਮੀਤ ਕੈ ਤਾਈ॥
ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ॥
ਰਾਖੁ ਸਰਣਿ ਜਗਦੀਸੁਰ ਪਿਆਰੇ ਮੋਹਿ ਸਰਧਾ ਪੂਰਿ ਹਰਿ ਗੁਸਾਈ॥
ਜਨ ਨਾਨਕ ਕੈ ਮਨਿ ਅਨਦੁ ਹੋਤ ਹੈ ਹਰਿ ਦਰਸਨੁ ਨਿਮਖ ਦਿਖਾਈ॥ (੩੬੯)

ਆਪਣੇ ਪਿਆਰੇ ਪ੍ਰੀਤਮ ਦੇ ਜੀਵਨ ਨਾਲ ਜੁੜੇ ਪਾਵਨ ਅਸਥਾਨਾਂ ਤੇ ਪੁੱਜਣ ਦੀ ਲਾਲਸਾ ਵਾਲੇ ਪ੍ਰੇਮੀਆਂ ਦੇ ਹਿਰਦੇ ਪਲ ਪਲ ਇਹੀ ਪੁਕਾਰਦੇ ਹਨ:

– ਜਿਸੁ ਪਿਆਰੇ ਸਿਉ ਨੇਹੁ ਤਿਸ ਆਗੈ ਮਰਿ ਚਲੀਐ॥ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥ (੮੩)

ਗੁਰਮਤਿ ਨੇ ਕੇਵਲ ਅਜਿਹੀ ਭਾਵਨਾ ਨਾਲ ਜਾਣ ਵਾਲੇ ਦੀ ਤੀਰਥ ਯਾਤਰਾ ਪ੍ਰਵਾਨ ਕੀਤੀ ਹੈ। ਪਾਪਾਂ ਦਾ ਨਾਸ ਕਰਨ ਲਈ ਜਾਂ ਮਨ ਇੱਛੇ ਫਲ ਹਾਸਲ ਕਰਨ ਦੀ ਇੱਛਿਆ ਵਾਲੇ, ਸੁਖਣਾ ਪੂਰੀਆਂ ਕਰਨ ਵਾਲੇ ਅਥਵਾ ਤੀਰਥ ਯਾਤਰਾ ਨੂੰ ਬੜਾ ਪੁੰਨ ਕਰਮ ਸਮਝਣ ਵਾਲਿਆਂ ਦੀ ਤੀਰਥ ਯਾਤਰਾ ਨੂੰ ਗੁਰਮਤਿ ਨੇ ਭਰਮੀ ਮਨੁੱਖਾਂ ਦੀ ਭਟਕਣਾ ਕਿਹਾ ਹੈ, ਵਿਖਾਵਾ ਕਿਹਾ ਹੈ, ਹੰਕਾਰ ਪੈਦਾ ਕਰਨ ਵਾਲੀ ਅਤੇ ਆਤਮਿਕ ਜੀਵਨ ਬਰਬਾਦ ਕਰਨ ਵਾਲੀ ਯਾਤਰਾ ਮੰਨਿਆ ਹੈ। ਤੀਰਥਾਂ ਦੇ ਇਸ਼ਨਾਨ ਨੂੰ ਪੁੰਨ ਕਰਮ ਸਮਝਣ ਵਾਲਿਆਂ ਲਈ ਗੁਰੂ ਗ੍ਰੰਥ ਸਾਹਿਬ ਦੀ ਪ੍ਰਥਮ ਬਾਣੀ ਜਪੁਜੀ ਸਾਹਿਬ ਵਿੱਚੋਂ ਹੀ ਉਪਦੇਸ਼ ਮਿਲਣੇ ਅਰੰਭ ਹੋ ਜਾਂਦੇ ਹਨ:

– ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥ (੨)

ਸਤਿਗੁਰੂ ਫੁਰਮਾਨ ਕਰਦੇ ਹਨ ਕਿ ਮੈਂ ਤੀਰਥਾਂ ਤੇ ਤਦ ਹੀ ਜਾਵਾਂ ਜੇ ਇਸ ਤਰ੍ਹਾਂ ਤੈਨੂੰ ਭਾਅ ਜਾਂਦਾ ਹੋਵਾਂ ਭਾਵ ਪ੍ਰਭੂ ਨਾਲ ਬਣ ਆਉਣੀ ਹੀ ਮੇਰੇ ਲਈ ਤੀਰਥਾਂ ਦਾ ਇਸ਼ਨਾਨ ਹੈ। ਫਿਰ ਸੁਰਤ ਜੋੜ ਕੇ ਪ੍ਰਮਾਤਮਾ ਦੇ ਨਾਮ ਦੀ ਮਹਿਮਾ ਸੁਣਨੀ ਅਥਵਾ ਪ੍ਰਭੂ ਦੀ ਯਾਦ ਵਿੱਚ ਸੁਰਤ ਜੋੜਨੀ, ਪ੍ਰਭੂ ਦੇ ਸਿਮਰਨ ਵਿੱਚ ਚੁੱਭੀ ਲਾਉਣੀ ਹੀ ਅਠਾਹਟ ਤੀਰਥਾਂ ਦਾ ਇਸ਼ਨਾਨ ਹੈ:

– ਸੁਣਿਐ ਅਠਸਠਿ ਕਾ ਇਸਨਾਨੁ॥ (੩)

– ਤੀਰਥੁ ਤਪੁ ਦਇਆ ਦਤੁ ਦਾਨੁ॥ ਜੇ ਕੋ ਪਾਵੈ ਤਿਲ ਕਾ ਮਾਨੁ॥ (੪)

ਇਸ ਤੋਂ ਅਗਲੀ ਤੁਕ ਵਿੱਚ ਹਜ਼ੂਰ ਸੱਚੇ ਤੀਰਥ ਦੀ ਸੋਝੀ ਕਰਾਉਂਦੇ ਹੋਏ ਫੁਰਮਾਉਂਦੇ ਹਨ:

– ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਅੰਤਰਗਤਿ ਤੀਰਥਿ ਮਲਿ ਨਾਉ॥ (੪)

ਜਿਸ ਮਨੁੱਖ ਨੇ ਆਪਣੀ ਮੱਤ ਨੂੰ ਸ੍ਰੇਸ਼ਟ ਸਮਝਣ ਵਾਲਾ ਸੁਭਾਅ ਗੁਆ ਕੇ, ਕੇਵਲ ਗੁਰੂ ਦੀ ਮੱਤ ਤੇ ਚਲਣ ਦੀ ਪੱਕੀ ਸ਼ਰਧਾ ਵਾਲਾ ਸੁਭਾਅ ਬਣਾ ਲਿਆ ਤਾਂ ਗੁਰੂ ਦੀ ਕਿਰਪਾ ਨਾਲ ਹਿਰਦੇ ਵਿੱਚ ਪ੍ਰਭੂ ਦਾ ਪਿਆਰ ਸਮਾ ਜਾਂਦਾ ਹੈ। ਅਜਿਹਾ ਹਿਰਦਾ ਮਾਨੋਂ ਇੱਕ ਪਵਿਤ੍ਰ ਤੀਰਥ ਬਣ ਜਾਂਦਾ ਹੈ। ਇਹੀ ਹੈ ਉਹ ਨਾਮ ਰੰਗ ਜਿਸ ਦੀ ਬਰਕਤ ਨਾਲ, ਪਾਪਾਂ ਨਾਲ ਮਲੀਨ ਹੋਈ ਮਤਿ ਸਾਫ਼ ਹੋ ਜਾਂਦੀ ਹੈ।

– ਭਰੀਐ ਮਤਿ ਪਾਪ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥ (੪)

ਹਜ਼ੂਰ ਦੇ ਸਮੇਂ ਤੱਕ ਵੇਦ ਬਾਣੀ ਦਾ ਏਨਾ ਅਸਰ ਹੋ ਚੁੱਕਾ ਸੀ ਕਿ ਲੁਕਾਈ ਵੇਦਾਂ ਦੀ ਤਾਲੀਮ ਨੂੰ ਸੱਚੇ ਦਿਲੋਂ ਕਬੂਲ ਕਰ ਚੁੱਕੀ ਸੀ, ਤਦੇ ਹੀ ਗੁਰੂ ਨਾਨਕ ਦੇਵ ਜੀ ਨੇ ਇਉਂ ਫੁਰਮਾਨ ਕੀਤਾ ਹੈ ਕਿ:

– ਮਾਂਦਲੁ ਬੇਦਿ ਸਿ ਬਾਜਣੋ ਘਣੋ ਧੜੀਐ ਜੋਇ॥ ਨਾਨਕ ਨਾਮੁ ਸਮਾਲਿ ਤੂ ਬੀਜਉ ਅਵਰੁ ਨ ਕੋਇ॥ (੧੦੯੧)

ਤੀਰਥਾਂ ਦੇ ਕਥਿਤ ਕਰਾਮਾਤੀ ਭਰਮ ਵਿੱਚੋਂ ਕੱਢਣ ਲਈ ਸਤਿਗੁਰਾਂ ਨੇ ਜਿਹੜੀ ਘਾਲਣਾ ਘਾਲੀ, ਆਉ ਉਸਦੀ ਵਿਚਾਰ ਤੋਂ ਲਾਭ ਲੈ ਕੇ ਜੀਵਨ ਜੁਗਤ ਸੁਆਰ ਲੈਣ ਦਾ ਯਤਨ ਕਰੀਏ।

ਅਜਿਹੀ ਤੀਰਥ ਯਾਤਰਾ ਵਿਅਰਥ ਦੀ ਖੇਚਲ

– ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ॥
ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ॥ (੨੧੬)

– ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ॥ ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ॥
ਪੂਜਹੁ ਰਾਮੁ ਏਕੁ ਹੀ ਦੇਵਾ॥ ਸਾਚਾ ਨਾਵਣੁ ਗੁਰ ਕੀ ਸੇਵਾ॥ਰਹਾਉ॥
ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ॥
ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ॥
ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ॥
ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ ਤਹਾ ਬਸੈ ਨਿਰੰਕਾਰਾ॥
ਕਹਿ ਕਬੀਰ ਨਰ ਤਿਸਹਿ ਧਿਆਵਹੁ ਬਾਵਰਿਆ ਸੰਸਾਰਾ॥ (੪੮੪)

– ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ॥

ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ॥ (੮੩੦)

– ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ॥
ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ॥
ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ॥
ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ॥ (੧੦੧੩)

– ਜਿਸੁ ਜੀਉ ਅੰਤਰੁ ਮੈਲਾ ਹੋਇ॥ ਤੀਰਥ ਭਵੈ ਦਿਸੰਤਰ ਲੋਇ॥
ਨਾਨਕ ਮਿਲੀਐ ਸਤਿਗੁਰ ਸੰਗ॥ ਤਉ ਭਵਜਲ ਕੇ ਤੂਟਸਿ ਬੰਧ॥ (੧੧੬੯)

– ਹੋਮ ਜਗ ਜਪ ਤਪ ਸਭਿ ਸੰਜਮ ਤਟਿ ਤੀਰਥਿ ਨਹੀ ਪਾਇਆ॥
ਮਿਟਿਆ ਆਪੁ ਪਏ ਸਰਣਾਈ ਗੁਰਮੁਖਿ ਨਾਨਕ ਜਗਤੁ ਤਰਾਇਆ॥ (੧੧੩੯)

– ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦੁ ਭਇਆ॥
ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ॥ (੧੧੫੩)

– ਅੰਤਰਿ ਮੈਲੁ ਤੀਰਥ ਭਰਮੀਜੈ॥ ਮਨੁ ਨਹੀ ਸੂਚਾ ਕਿਆ ਸੋਚ ਕਰੀਜੈ॥
ਕਿਰਤੁ ਪਇਆ ਦੋਸੁ ਕਾ ਕਉ ਦੀਜੈ॥ (੯੦੫)

– ਸਾਸਤ ਸਿੰਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੇ॥ ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ॥
ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ॥ ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ॥ (੭੦)

– ਨ ਭੀਜੈ ਰਾਗੀ ਨਾਦੀ ਬੇਦਿ॥ ਨ ਭੀਜੈ ਸੁਰਤੀ ਗਿਆਨੀ ਜੋਗਿ॥
ਨ ਭੀਜੈ ਸੋਗੀ ਕੀਤੈ ਰੋਜਿ॥ ਨ ਭੀਜੈ ਰੂਪੀ ਮਾਲੀ ਰੰਗਿ॥
ਨ ਭੀਜੈ ਤੀਰਥਿ ਭਵਿਐ ਨੰਗਿ॥ ਨ ਭੀਜੈ ਦਾਤੀ ਕੀਤੈ ਪੁੰਨਿ॥
ਨ ਭੀਜੈ ਬਾਹਰਿ ਬੈਠਿਆ ਸੁੰਨਿ॥ ਨ ਭੀਜੈ ਭੇੜਿ ਮਰਹਿ ਭਿੜਿ ਸੂਰ॥
ਨ ਭੀਜੈ ਕੇਤੇ ਹੋਵਹਿ ਧੂੜ॥ ਲੇਖਾ ਲਿਖੀਐ ਮਨ ਕੈ ਭਾਇ॥
ਨਾਨਕ ਭੀਜੈ ਸਾਚੈ ਨਾਇ॥ (੧੨੩੭)

ਤੀਰਥ ਯਾਤਰਾ ਅਤੇ ਹਉਮੈ

ਤੀਰਥਾਂ ਦੇ ਇਸ਼ਨਾਨ ਨਾਲ ਵਿਕਾਰਾਂ ਤੋਂ ਖਲਾਸੀ ਨਹੀਂ ਮਿਲਦੀ। ਜਿੰਨੇ ਮਰਜ਼ੀ ਤੀਰਥ ਇਸ਼ਨਾਨ ਕਰ ਲਵੋ ਪਰ ਮਨੁੱਖ ਦੇ ਅੰਦਰ ਦੀ ਹਉਮੈ ਦੀ ਮੈਲੁ ਕਦੇ ਨਹੀਂ ਜਾਂਦੀ।

– ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ॥ (੪੯੧)

ਤੀਰਥਾਂ ਤੇ ਇਸ਼ਨਾਨ ਕਰਨ ਵਾਲੇ ਦੇ ਅੰਦਰ ਇਹ ਵਿਸ਼ਵਾਸ ਬਣਦਾ ਹੈ ਕਿ ਉਸਨੇ ਹੋਰਨਾਂ ਨਾਲੋਂ ਅੱਡਰਾ ਅਤੇ ਬਹੁਤੇ ਧਰਮ ਦਾ ਕੰਮ ਕੀਤਾ ਹੈ, ਅਥਵਾ ਤੀਰਥ ਇਸ਼ਨਾਨੀ ਨੂੰ ਦੂਜਿਆਂ ਨਾਲੋਂ ਵੱਧ ਧਰਮੀ ਹੋਣ ਦਾ ਹੰਕਾਰ ਆ ਘੇਰਦਾ ਹੈ।

– ਇਹੁ ਮਨੁ ਮੈਲਾ ਇਕੁ ਨ ਧਿਆਏ॥ ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ॥
ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ॥ (੧੧੬)

– ਤੀਰਥਿ ਜਾਉ ਤ ਹਉ ਹਉ ਕਰਤੇ॥ ਪੰਡਿਤ ਪੂਛਉ ਤ ਮਾਇਆ ਰਾਤੇ॥ (੩੮੫)

– ਹਉਮੈ ਮੈਲਾ ਇਹੁ ਸੰਸਾਰਾ॥ ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ॥
ਬਿਨ ਗੁਰ ਭੇਟੇ ਜਮੁ ਕਰੇ ਖੁਆਰਾ॥ (੨੩੦)

– ਤਪਸੀ ਕਰਿ ਕੈ ਦੇਹੀ ਸਾਧੀ ਮਨੂਆ ਦਹ ਦਿਸ ਧਾਨਾ॥ ਬ੍ਰਹਮਚਾਰਿ ਬ੍ਰਹਮਚਜੁ ਕੀਨਾ ਹਿਰਦੈ ਭਇਆ ਗੁਮਾਨਾ॥
ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ ਉਸੁ ਮਹਿ ਕ੍ਰੋਧੁ ਬਿਗਾਨਾ॥ (੧੦੦੩)

– ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥ (੩੯)

ਪਾਪ ਨਾਸ਼ਕ ਤੀਰਥ ਮਨੁੱਖ ਨੂੰ ਵੱਧ ਪਾਪ ਕਰਮੀ ਬਣਾਉਂਦੇ ਹਨ:

– ਪਾਪ ਕਰਹਿ ਪੰਚਾਂ ਕੇ ਬਸਿ ਰੇ॥ ਤੀਰਥਿ ਨਾਇ ਕਹਹਿ ਸਭਿ ਉਤਰੇ॥
ਬਹੁਰਿ ਕਮਾਵਹਿ ਹੋਇ ਨਿਸੰਕ॥ ਜਮ ਪੁਰਿ ਬਾਂਧਿ ਖਰੇ ਕਾਲੰਕ॥ (੧੩੪੮)

ਵੱਧ ਤੋਂ ਵੱਧ ਮਾਇਆ ਠੱਗਣ ਦੀ ਲਾਲਸਾ ਦੇ ਮਾਰੇ ਬਿਪ੍ਰ ਨੇ ਧਰਮ ਗ੍ਰੰਥਾਂ ਦੀ ਅਯੋਗ ਵਰਤੋਂ ਕਰਕੇ ਲੋਕਾਂ ਦੇ ਮਨਾਂ ਵਿੱਚ ਇਹ ਭਰਮ ਪੱਕਾ ਕਰ ਦਿੱਤਾ ਸੀ ਕਿ ਤੀਰਥਾਂ ਤੇ ਇਸ਼ਨਾਨ ਕਰਨ ਨਾਲ, ਪਿਛਲੇ ਸਾਰੇ ਪਾਪ ਨਾਸ ਹੋ ਜਾਣ ਦੇ ਨਾਲ ਸਗੋਂ ਲੱਖਾਂ ਪੁੰਨ ਕਰਮਾਂ ਦੇ ਫਲਾਂ ਦਾ ਭੰਡਾਰ ਵੀ ਪ੍ਰਾਪਤ ਹੋ ਜਾਂਦਾ ਹੈ। ਅਜਿਹੇ ਨਿਰਮੂਲ ਵਿਸ਼ਵਾਸ ਨੇ ਮਨੁੱਖ ਦੇ ਆਚਰਣ ਤੇ ਬੜਾ ਮੰਦਾ ਅਸਰ ਪਾਇਆ। ਕਿਉਂਕਿ ਜਦੋਂ ਮਨੁੱਖ ਨੂੰ ਇਹ ਵਿਸ਼ਵਾਸ ਬਣ ਗਿਆ ਕਿ ਤੀਰਥ ਇਸ਼ਨਾਨ ਨੇ ਉਸਦੇ ਕੀਤੇ ਸਾਰੇ ਪਾਪ ਨਾਸ ਹੀ ਨਹੀਂ ਕਰ ਦਿੱਤੇ ਸਗੋਂ ਔਖੇ ਵੇਲੇ ਕੰਮ ਆ ਸਕਣ ਲਈ ਪੁੰਨ ਕਰਮਾਂ ਦਾ ਭੰਡਾਰ ਉਸ ਕੋਲ ਜੁੜ ਗਿਆ ਹੈ ਤਾਂ ਮਨੁੱਖ ਸਾਰੇ ਝਾਕੇ ਲਾਹ ਕੇ, ਵੱਧ ਘਿਣਾਉਣੇ ਪਾਪ ਕਰਦਾ ਹੈ ਅਤੇ ਫਿਰ ਤੀਰਥਾਂ ਦੇ ਪਾਣੀ ਵਿੱਚ ਵੱਧ ਚੁੱਭੀਆਂ ਲਾ ਕੇ ਪਾਪਾਂ ਤੋਂ ਮੁਕਤ ਹੋ ਗਿਆ ਸਮਝ ਲੈਂਦਾ ਹੈ। ਇੱਕ ਪਾਪੀ ਦਾ ਅਜਿਹਾ ਵਿਸ਼ਵਾਸ ਹਜ਼ਾਰਾਂ ਹੋਰ ਪਾਪੀਆਂ ਨੂੰ ਜਨਮ ਦਿੰਦਾ ਹੈ ਅਤੇ ਸਮਾਜ ਆਚਰਣ ਹੀਣਤਾ ਦਾ ਸ਼ਿਕਾਰ ਹੋ ਕੇ ਨਿਤਾਣਾ ਹੋਈ ਜਾਂਦਾ ਹੈ। ਅਜਿਹੇ ਭਰਮੀ ਮਨੁੱਖ ਨੇ ਵਿਦੇਸ਼ੀ ਹਮਲਾਵਰਾਂ ਦਾ ਟਾਕਰਾ ਕੀ ਕਰ ਸਕਣਾ ਸੀ? ਜਰਵਾਣੇ ਲੁਟੇਰਿਆਂ ਤੋਂ ਭੈਭੀਤ ਹੋਇਆ ਸਗੋਂ ਉਨ੍ਹਾਂ ਦਾ ਮੁਖ਼ਬਰ ਬਣ ਗਿਆ ਅਤੇ ਦੇਸ਼ ਦੇ ਹੁਸਨ ਅਤੇ ਧਨ ਦੌਲਤ ਨੂੰ ਵਿਦੇਸ਼ ਪਹੁੰਚਾਉਣ ਵਿੱਚ ਸਹਾਈ ਹੋਇਆ।

ਅਸਲ ਵਿੱਚ ਹੁੰਦਾ ਇਹ ਹੈ ਕਿ ਅਜਿਹੇ ਖੋਟੇ ਮਨ ਵਾਲੇ ਮਨੁੱਖ ਦਾ ਕੀਤਾ ਤੀਰਥ ਇਸ਼ਨਾਨ ਪਾਪਾਂ ਵਿੱਚ ਵਾਧਾ ਕਰਦਾ ਹੈ।

– ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥ ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥ ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥ (੭੮੯)

ਖੋਟੇ ਮਨ ਲਈ ਜਿਵੇਂ ਤੁੰਮੀ ਦਾ ਦ੍ਰਿਸ਼ਟਾਂਤ ਦਿੱਤਾ ਹੈ, ਏਸੇ ਤਰ੍ਹਾਂ ਪਾਪ ਕਰਮ ਕਰਨ ਵਾਲੇ ਮਨੁੱਖ ਦੇ ਮਨ ਨੂੰ ਲਹੁਕੀ ਭਾਵ ਕੌੜੀ ਤੂੰਬੀ ਤੁੱਲ ਵੀ ਫੁਰਮਾਨ ਕੀਤਾ ਹੈ। ਜਿਵੇਂ ਤੁੰਮੀ ਅਤੇ ਤੂੰਬੜੀ ਦੀ ਕੁੜੱਤਣ ਧੋਤਿਆਂ ਦੂਰ ਨਹੀਂ ਹੁੰਦੀ ਏਸੇ ਤਰ੍ਹਾਂ ਇੱਕ ਤੀਰਥ ਇਸ਼ਨਾਨ ਦੀ ਤਾਂ ਗੱਲ ਕੀ, ਅਠਾਹਟ ਤੀਰਥਾਂ ਦੇ ਇਸ਼ਨਾਨ ਵੀ ਪਾਪੀ ਮਨੁੱਖ ਦਾ ਕੁੱਝ ਨਹੀਂ ਸੁਆਰ ਸਕਦੇ।

– ਲਉਕੀ ਅਠਸਠਿ ਤੀਰਥ ਨ੍ਹਾਈ॥ ਕਉਰਾਪਨੁ ਤਊ ਨ ਜਾਈ॥ (੬੫੬)

ਤੀਰਥਾਂ ਦੇ ਵਾਸੀ ਹੋਣਾ ਜਾਂ ਤੀਰਥਾਂ ਤੇ ਪ੍ਰਾਣ ਤਿਆਗਣ ਨੂੰ ਕਲਿਆਣਕਾਰੀ ਮੰਨਣਾ ਇੱਕ ਭਰਮ

– ਕਬੀਰ ਗੰਗਾ ਤੀਰ ਜੁ ਘਰੁ ਕਰਹਿ ਪੀਵਹਿ ਨਿਰਮਲ ਨੀਰੁ॥
ਬਿਨੁ ਹਰਿ ਭਗਤਿ ਨ ਮੁਕਤਿ ਹੋਇ ਇਉ ਕਹਿ ਰਮੇ ਕਬੀਰ॥ (੧੩੬੭)

– ਮਨ ਕਾਮਨਾ ਤੀਰਥ ਦੇਹ ਛੁਟੈ॥ ਗਰਬੁ ਗੁਮਾਨੁ ਨ ਮਨ ਤੇ ਹੁਟੈ॥
ਸੋਚ ਕਰੈ ਦਿਨਸੁ ਅਰੁ ਰਾਤਿ॥ ਮਨ ਕੀ ਮੈਲੁ ਨ ਤਨ ਤੇ ਜਾਤਿ॥ (੨੬੫)

ਤੀਰਥਾਂ ਤੇ ਵਸੇਬਾ ਕਰ ਲੈਣ ਨਾਲ ਅਥਵਾ ਸਦਾ ਗੰਗਾ ਦਾ ਪਵਿੱਤਰ ਪਾਣੀ ਵਰਤਣ ਨਾਲ ਅਤੇ ਫਿਰ ਤੀਰਥਾਂ ਉਤੇ ਹੀ ਸਰੀਰ ਤਿਆਗਣ ਨਾਲ ਪ੍ਰਮਾਥਕ ਲਾਭ ਅਥਵਾ ਦੁਨਿਆਵੀ ਲਾਭ ਕੁਝ ਵੀ ਨਹੀਂ ਮਿਲਦਾ। ਅਜਿਹੇ ਸਭ ਅਡੰਬਰ ਨਿਸਫ਼ਲ ਹਨ, ਕੇਵਲ ਪ੍ਰਭੂ ਦਾ ਨਾਮ ਹੀ ਵਿਕਾਰਾਂ ਤੋਂ ਛੁਟਕਾਰੇ ਦਾ ਸਾਧਨ ਹੈ।

ਗੰਭੀਰ ਭੁਲੇਖਾ

ਕਈ ਪ੍ਰਚਾਰਕ ਗੁਰਬਾਣੀ ਸ਼ਬਦਾਂ ਦੇ ਠੀਕ ਅਰਥ ਸਮਝਣ ਤੋਂ ਟਪਲਾ ਖਾ ਕੇ ਤੀਰਥ ਯਾਤਰਾ ਨੂੰ ਗੁਰਮਤਿ ਦੇ ਅਨੁਕੂਲ ਦੱਸ ਕੇ ਸਰੋਤਿਆਂ ਨੂੰ ਕੁਰਾਹੇ ਪਾਉਣ ਦੀ ਭੁੱਲ ਕਰਦੇ ਹਨ। ਪਰ ਕਈ ਵਿਦਵਾਨ ਅਤੇ ਧਾਰਮਿਕ ਆਗੂ ਬਿਪ੍ਰ ਦੇ ਏਜੰਟ ਬਣਦੇ ਹੋਏ ਤੀਰਥ ਯਾਤਰਾ ਨੂੰ ਗੁਰਮਤਿ ਦੇ ਅਨੁਕੂਲ ਸਿੱਧ ਕਰਨ ਲਈ ਗੁਰੂ ਸ਼ਬਦਾਂ ਦੇ ਅਰਥ ਵਿਗਾੜਨ ਦਾ ਅਪਰਾਧ ਕਰਦੇ ਹਨ। ਉਦਾਹਰਣ ਵਜੋਂ ਇੱਕ ਸ਼ਬਦ ਇਸ ਪ੍ਰਕਾਰ ਹੈ:

– ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ॥ ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ॥
ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ॥
ਜਨਮ ਮਰਣ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਪ੍ਰਭੁ ਅਬਿਨਾਸੀ॥
ਹਰਿ ਆਪਿ ਕਰਤੈ ਪੁਰਬੁ ਕੀਆ ਸਤਿਗੁਰੂ ਕੁਲਖੇਤਿ ਨਾਵਣਿ ਗਇਆ॥
ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ॥ (੧੧੧੬)

ਹੇ ਭਾਈ! ਜਿਸ ਮਨੁੱਖ ਨੂੰ ਸਤਿਗੁਰਾਂ ਦਾ ਦਰਸ਼ਨ ਹੋ ਗਿਆ, ਇਹ ਉਸ ਵਾਸਤੇ ਤੀਰਥ ਇਸ਼ਨਾਨ ਹੈ, ਅਭੀਚੁ ਨਛੱਤ੍ਰ ਦਾ ਪਵਿੱਤਰ ਦਿਹਾੜਾ ਹੈ। ਗੁਰੂ ਦੇ ਦਰਸ਼ਨਾਂ ਦੀ ਬਰਕਤਿ ਨਾਲ ਉਸਦੀ ਆਤਮਿਕ ਜੀਵਨ ਵੱਲੋਂ ਬੇਸਮਝੀ ਵਾਲਾ ਹਨੇਰਾ ਦੂਰ ਗਿਆ। ਜਿਸ ਨੇ ਗੁਰੂ ਦਾ ਦਰਸ਼ਨ ਕਰ ਲਿਆ, ਉਸਨੇ ਅੰਦਰੋਂ ਅਗਿਆਨ ਦੂਰ ਕਰ ਲਿਆ, ਉਸ ਅੰਦਰ ਪ੍ਰਮਾਤਮਾ ਦੀ ਜੋਤਿ ਨੇ ਆਪਣਾ ਪ੍ਰਕਾਸ਼ ਕਰ ਦਿੱਤਾ, ਅਬਿਨਾਸੀ ਪ੍ਰਭੂ ਦਾ ਮਿਲਾਪ ਹਾਸਲ ਕਰ ਲਿਆ, ਜਨਮ ਤੋਂ ਮਰਨ ਤੱਕ ਸਾਰੇ ਦੁੱਖ ਨਾਸ ਹੋ ਗਏ। ਗੁਰੂ ਅਮਰਦਾਸ ਅਭੀਚੁ ਪੁਰਬ ਦੇ ਤੀਰਥ ਇਸ਼ਨਾਨ ਸਮੇਂ ਤੇ ਕੁਲਖੇਤ੍ਰ ਗਏ, ਕਰਤਾਰ ਨੇ ਆਪ ਗੁਰੂ ਦੇ ਜਾਣ ਦੇ ਇਸ ਉੱਦਮ ਨੂੰ ਉਥੇ ਇਕੱਠੇ ਹੋਏ ਲੋਕਾਂ ਵਾਸਤੇ ਪਵਿੱਤਰ ਦਿਹਾੜਾ ਬਣਾ ਦਿੱਤਾ। ਜਿਸ ਮਨੁੱਖ ਨੂੰ ਸਤਿਗੁਰਾਂ ਦਾ ਦਰਸ਼ਨ ਹੋ ਗਿਆ, ਇਹ ਉਸ ਵਾਸਤੇ ਤੀਰਥ ਇਸ਼ਨਾਨ ਹੈ, ਅਭੀਚੁ ਨਛੱਤ੍ਰ ਦਾ ਪਵਿੱਤਰ ਦਿਹਾੜਾ ਹੈ।

ਗੁਰਦੇਵ ਦਾ ਇਸ ਯਾਤਰਾ ਦਾ ਮੰਤਵ ਅਗਲੇ ਛੰਤ ਵਿੱਚ ਚੰਗੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ:

– ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ॥ ਅਨਦਿਨੁ ਭਗਤਿ ਬਣੀ ਖਿਨੁ ਖਿਨੁ ਨਿਮਖ ਵਿਖਾ॥
ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ ਸਭੁ ਲੋਕੁ ਵੇਖਣਿ ਆਇਆ॥
ਜਿਨ ਦਰਸੁ ਸਤਿਗੁਰ ਗੁਰੂ ਕੀਆ ਤਿਨ ਆਪਿ ਹਰਿ ਮੇਲਾਇਆ॥
ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ॥
ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ॥ (੧੧੧੬)

ਹੇ ਭਾਈ! ਅਨੇਕਾਂ ਸਿੱਖ ਗੁਰੂ ਅਮਰਦਾਸ ਜੀ ਦੇ ਨਾਲ ਉਸ ਲੰਮੇ ਪੈਂਡੇ ਵਿੱਚ ਗਏ। ਹਰੇਕ ਖਿਨ ਨਿਮਖ ਨਿਮਖ, ਕਦਮ ਕਦਮ ਤੇ ਹਰ ਰੋਜ਼ ਪ੍ਰਮਾਤਮਾ ਦੀ ਭਗਤੀ ਦਾ ਅਵਸਰ ਬਣਿਆ ਰਹਿੰਦਾ ਸੀ। ਉਸ ਸਾਰੇ ਪੈਂਡੇ ਵਿੱਚ ਪ੍ਰਮਾਤਮਾ ਦੀ ਭਗਤੀ ਦਾ ਉੱਦਮ ਬਣਿਆ ਰਹਿੰਦਾ ਸੀ। ਬਹੁਤ ਲੁਕਾਈ ਗੁਰੂ ਦਾ ਦਰਸ਼ਨ ਕਰਨ ਆਉਂਦੀ ਸੀ। ਜਿਨ੍ਹਾਂ ਨੇ ਗੁਰੂ ਦਾ ਦਰਸ਼ਨ ਕੀਤਾ, ਪ੍ਰਮਾਤਮਾ ਨੇ ਆਪ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਜੋੜ ਲਿਆ। ਤੀਰਥ ਤੇ ਇਕੱਠੀ ਹੋਈ ਸਾਰੀ ਲੁਕਾਈ ਨੂੰ ਤੀਰਥ ਇਸ਼ਨਾਨਾਂ ਦੇ ਭਰਮ ਵਾਲੇ ਗ਼ਲਤ ਰਸਤੇ ਤੇ ਪਏ ਰਹਿਣ ਤੋਂ ਬਚਾਅ ਲੈਣ

ਲਈ ਸਤਿਗੁਰੂ ਨੇ ਤੀਰਥਾਂ ਤੇ ਜਾਣ ਦਾ ਉੱਦਮ ਕੀਤਾ ਸੀ। ਸਤਿਗੁਰਾਂ ਦੇ ਨਾਲ ਅਨੇਕਾਂ ਸਿੱਖ ਉਸ ਲੰਮੇ ਪੈਂਡੇ ਵਿੱਚ ਗਏ ਸਨ।

ਸੋ ਅਜਿਹਾ ਸੋਚਣਾ ਬੜੀ ਵੱਡੀ ਭੁੱਲ ਹੈ ਅਥਵਾ ਘੋਰ ਪਾਪ ਹੈ ਕਿ ਸਤਿਗੁਰਾਂ ਨੇ ਦ੍ਰਿਸ਼ਟਮਾਨ ਤੀਰਥਾਂ ਦੇ ਦਰਸ਼ਨ ਇਸ਼ਨਾਨ ਨੂੰ ਕਿਸੇ ਸਮੇਂ ਵੀ ਪੁੰਨ ਦਾ ਕੰਮ ਮੰਨਿਆ ਸੀ। ਗੁਰੂ ਨਾਨਕ ਜੀ ਦੇ ਸਮੇਂ ਤੋਂ ਹੀ ਸਤਿਗੁਰੂ ਜੀ ਉਸ ਥਾਂ 'ਤੇ ਸਦਾ ਪੁੱਜਦੇ ਰਹੇ ਜਿੱਥੇ ਵੱਧ ਤੋਂ ਵੱਧ ਲੋਕਾਂ ਨੂੰ ਗੁਰਮਤਿ ਗਿਆਨ ਤੋਂ ਜਾਣੂੰ ਕਰਾ ਕੇ ਬ੍ਰਾਹਮਣੀ ਭਰਮ ਜਾਲ ਵਿੱਚੋਂ ਕੱਢਣ ਦਾ ਅਵਸਰ ਬਣਦਾ ਸੀ। ਸਤਿਗੁਰਾਂ ਦੇ ਇਸ ਉਪਕਾਰ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਇਉਂ ਕੀਤਾ ਹੈ:

– ਬਾਬਾ ਆਇਆ ਤੀਰਥੈ ਤੀਰਥਿ ਪੁਰਬਿ ਸਭੇ ਫਿਰਿ ਦੇਖੈ॥
ਪੁਰਬ ਧਰਮਿ ਬਹੁ ਕਰਮਿ ਕਰਿ ਭਾਉ ਭਗਤਿ ਬਿਨੁ ਕਿਤੈ ਨ ਲੇਖੈ॥
ਭਾਉ ਨ ਬ੍ਰਹਮੈ ਲਿਖਿਆ ਚਾਰਿ ਬੇਦ ਸਿੰਮ੍ਰਿਤਿ ਪੜ੍ਹਿ ਪੇਖੈ॥
ਢੂੰਡੀ ਸਗਲੀ ਪ੍ਰਿਥਵੀ ਸਤਿਜੁਗਿ ਆਦਿ ਦੁਆਪਰਿ ਤ੍ਰੈਤੈ॥
ਕਲਿਜੁਗਿ ਧੰਧੂਕਾਰੁ ਹੈ ਭਰਮਿ ਭੁਲਾਈ ਬਹੁ ਬਿਧਿ ਭੇਖੈ॥
ਭੇਖੀ ਪ੍ਰਭੂ ਨ ਪਾਈਐ ਆਪੁ ਗਵਾਏ ਰੂਪ ਨ ਰੇਖੈ॥
ਗੁਰਮੁਖਿ ਵਰਨੁ ਅਵਰਨੁ ਹੋਇ ਨਿਵਿ ਚਲਣਾ ਗੁਰਸਿਖਿ ਵਿਸੇਖੈ॥
ਤਾ ਕਿਛੁ ਘਾਲਿ ਪਵੈ ਦਰਿ ਲੇਖੈ॥ (ਵਾਰ ੧, ਪਉੜੀ ੨੫)

ਭੁਲੇਖਾ ਪਾਉਣ ਲਈ ਵਰਤਿਆ ਜਾਣ ਵਾਲਾ ਦੂਸਰਾ ਪਾਵਨ ਗੁਰੂ ਫੁਰਮਾਨ ਇਸ ਪ੍ਰਕਾਰ ਹੈ:

– ਮਨ ਕੀ ਮਨ ਹੀ ਮਾਹਿ ਰਹੀ॥ ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ॥ (੬੩੧)

ਤੀਰਥ ਲਫ਼ਜ਼ ਦੇ ਅਰਥ ਮਹਾਨਕੋਸ਼ ਅਨੁਸਾਰ ਗੁਰੂ ਅਤੇ ਕਰਤਾਰ ਵੀ ਬਣਦੇ ਹਨ। ਜੇ ਇਨ੍ਹਾਂ ਅਰਥਾਂ ਦੇ ਥਾਂ ਉਹੀ ਅਰਥ ਕੀਤੇ ਜਾਣ ਜਿਹੜੇ ਬ੍ਰਾਹਮਣੀ ਤੀਰਥਾਂ ਨਾਲ ਜੁੜੇ ਹੋਏ ਹਨ, ਤਾਂ ਇਸ ਮਹਾਂਵਾਕ ਦੇ ਅਰਥ ਗੁਰਮਤਿ ਸਿਧਾਂਤ ਦੀ ਵਿਰੋਧਤਾ ਕਰਨ ਵਾਲੇ ਬਣ ਜਾਣਗੇ। ਅਕਸਰ ਕਈ ਅਗਿਆਨੀ ਉਪਦੇਸ਼ਕ ਅਜਿਹੀ ਭੁੱਲ ਕਰ ਜਾਂਦੇ ਹਨ। ਇਉਂ ਕਰਨਾ ਬਿਪ੍ਰਨ ਕੀ ਰੀਤ ਦੇ ਧਾਰਨੀ ਹੋਣਾ ਹੈ। ਪਰ ਜੇ ਤੀਰਥ ਦਾ ਅਰਥ ਗੁਰੂ ਸੰਤ ਅਥਵਾ ਕਰਤਾਰ ਕਰੀਏ ਤਾਂ ਬਿਪ੍ਰੀ ਅਰਥਾਂ ਵਾਲੀ ਸੋਚ ਤੋਂ ਛੁਟਕਾਰਾ ਮਿਲ ਜਾਂਦਾ ਹੈ। ਆਉ ਉਨ੍ਹਾਂ ਤੀਰਥਾਂ ਦੇ ਦਰਸ਼ਨ ਕਰੀਏ ਜਿਨ੍ਹਾਂ ਦਾ ਜ਼ਿਕਰ ਉਪਰਲੇ ਮਹਾਂਵਾਕ ਵਿੱਚ ਛੁਪਿਆ ਹੋਇਆ ਹੈ।

ਸੰਤ ਭਗਤ ਅਥਵਾ ਗੁਰਮੁਖਿ ਤੀਰਥ

– ਨਾਮਿ ਰਤੇ ਤੀਰਥ ਸੇ ਨਿਰਮਲ ਦੁਖੁ ਹਉਮੈ ਮੈਲੁ ਚੁਕਾਇਆ॥
ਨਾਨਕੁ ਤਿਨ ਕੇ ਚਰਨ ਪਖਾਲੈ ਜਿਨਾ ਗੁਰਮੁਖਿ ਸਾਚਾ ਭਾਇਆ॥ (੧੩੪੫)

ਰਾਮਾਇਣ ਗਾਥਾ ਵਿੱਚ ਰਾਮ ਦੇ ਮੂੰਹੋਂ ਇਹ ਅਖਵਾਇਆ ਜਾਂਦਾ ਹੈ ਕਿ ਗੰਗਾ ਮਈਆ ਦਾ ਜਲ ਮਨੁੱਖ ਨੂੰ ਅੰਦਰੋਂ ਬਾਹਰੋਂ ਭਾਵ ਅੰਦਰਲੇ ਪਾਪਾਂ ਦੀ ਮੈਲ ਅਤੇ ਬਾਹਰੋਂ ਸਰੀਰ ਦੀ ਮੈਲ ਸਾਫ਼ ਕਰ ਦਿੰਦਾ ਹੈ ਪਰ ਉਸ ਗੰਗਾ ਅਤੇ ਉਸ ਦੀਆਂ ਸਾਥਣਾਂ, ਕਥਿਤ ਤੌਰ 'ਤੇ ਪਵਿੱਤ੍ਰ ਨਦੀਆਂ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਦਾ ਫੁਰਮਾਨ ਇਸ ਪ੍ਰਕਾਰ ਹੈ:

– ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥
ਤੀਰਥਿ ਅਠਸਠਿ ਮਜਨੁ ਨਾਈ॥
ਸਤਸੰਗਤਿ ਕੀ ਧੂਰਿ ਪਰੀ ਉਡਿ ਨੇੜ੍ਹੀ ਸਭ ਦੁਰਮਤਿ ਮੈਲੁ ਗਵਾਈ॥ਰਹਾਉ॥

ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ॥
ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ॥
ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ॥
ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ॥
ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ॥
ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ॥ (੧੨੬੩)

ਪ੍ਰਭੂ ਦੇ ਸੇਵਕਾਂ ਦੇ ਚਰਨ ਗੰਗਾ ਵਰਗੇ ਕ੍ਰੋੜਾਂ ਤੀਰਥਾਂ ਦੇ ਤੁੱਲ ਫੁਰਮਾਨ ਕੀਤੇ ਹੋਏ ਹਨ:

- ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ ਜਨ ਕੇ ਚਰਨ ਤੀਰਥ ਕੋਟਿ ਗੰਗਾ॥
ਜਨ ਕੀ ਧੂਰਿ ਕੀਓ ਮਜਨੁ ਨਾਨਕ ਜਨਮ ਜਨਮ ਕੇ ਹਰੇ ਕਲੰਗਾ॥ (੮੨੮)

ਗੁਰੂ ਤੀਰਥ

- ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥
ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ॥
ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ॥
ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ॥
ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ॥
ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ॥
ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ॥
ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ॥
ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ॥ (੨੫੦)

- ਹਉ ਸਤਿਗੁਰੁ ਸੇਵੀ ਆਪਣਾ ਇਕ ਮਨਿ ਇਕ ਚਿਤਿ ਭਾਇ॥
ਸਤਿਗੁਰੁ ਮਨ ਕਾਮਨਾ ਤੀਰਥੁ ਹੈ ਜਿਸ ਨੋ ਦੇਇ ਬੁਝਾਇ॥
ਮਨ ਚਿੰਦਿਆ ਵਰੁ ਪਾਵਣਾ ਜੋ ਇਛੈ ਸੋ ਫਲੁ ਪਾਇ॥
ਨਾਉ ਧਿਆਈਐ ਨਾਉ ਮੰਗੀਐ ਨਾਮੇ ਸਹਜਿ ਸਮਾਇ॥ (੨੬)

- ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥
ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ॥
ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ॥
ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ॥
ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ॥ (੧੪੦)

ਗੁਰੂ ਸ਼ਬਦ ਵਿੱਚ ਸਾਰੇ ਤੀਰਥ

- ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ॥
ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਏ॥
ਸਚਾ ਸਬਦੁ ਸਚਾ ਹੈ ਨਿਰਮਲੁ ਨਾ ਮਲੁ ਲਗੈ ਨ ਲਾਏ॥
ਸਚੀ ਸਿਫਤਿ ਸਚੀ ਸਾਲਾਹ ਪੂਰੇ ਗੁਰ ਤੇ ਪਾਏ॥ (੭੫੩)

- ਸਗਲੇ ਕਰਮ ਧਰਮ ਸੁਚਿ ਸੰਜਮ ਜਪ ਤਪ ਤੀਰਥ ਸਬਦਿ ਵਸੇ॥

ਨਾਨਕ ਸਤਿਗੁਰ ਮਿਲੈ ਮਿਲਾਇਆ ਦੂਖ ਪਰਾਛਤ ਕਾਲ ਨਸੇ॥ (੧੩੩੨)

ਪ੍ਰਭੂ ਨਾਮ ਹੀ ਸਰਬ ਸ੍ਰੇਸ਼ਟ ਤੀਰਥ ਹੈ

- ਤੀਰਥੁ ਹਮਰਾ ਹਰਿ ਕੋ ਨਾਮੁ॥ ਗੁਰਿ ਉਪਦੇਸਿਆ ਤਤੁ ਗਿਆਨੁ॥ (੧੧੪੨)

- ਤੇਰੇ ਸਠਿ ਸੰਬਤ ਸਭਿ ਤੀਰਥਾ॥ ਤੇਰਾ ਸਚੁ ਨਾਮੁ ਪਰਮੇਸਰਾ॥
ਤੇਰੀ ਗਤਿ ਅਵਿਗਤਿ ਨਹੀ ਜਾਣੀਐ॥ ਅਣਜਾਣਤ ਨਾਮੁ ਵਖਾਣੀਐ॥ (੧੧੬੮)

- ਪ੍ਰਭ ਕੇ ਚਰਨ ਮਨ ਮਾਹਿ ਧਿਆਨੁ॥ ਸਗਲ ਤੀਰਥ ਮਜਨ ਇਸਨਾਨੁ॥
ਹਰਿ ਦਿਨੁ ਹਰਿ ਸਿਮਰਨੁ ਮੇਰੇ ਭਾਈ॥ ਕੋਟਿ ਜਨਮ ਕੀ ਮਲੁ ਲਹਿ ਜਾਈ॥ (੧੯੫)

ਆਉ, ਉਸ ਗੁਰਵਾਕ ਨੂੰ ਦੁਹਰਾਈਏ ਜਿਸ ਤੋਂ ਤੀਰਥ ਯਾਤਰਾ ਨੂੰ ਗੁਰਮਤਿ ਦੇ ਅਨੁਕੂਲ ਸਮਝਿਆ ਜਾਣ ਦਾ ਭੁਲੇਖਾ ਪਾਇਆ ਜਾਂਦਾ ਹੈ:

- ਮਨ ਕੀ ਮਨ ਹੀ ਮਾਹਿ ਰਹੀ॥ ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ॥ (੬੩੧)

ਪਿੱਛੇ ਕੀਤੀ ਸ਼ਬਦ ਵਿਚਾਰ ਤੋਂ ਸਿੱਧ ਹੈ ਕਿ ਗੁਰਮਤਿ ਨੇ ਪ੍ਰਭੂ ਪਿਆਰ ਦੇ ਰੰਗ ਵਿੱਚ ਭਿੱਜੇ ਹਿਰਦਿਆਂ ਵਾਲੇ ਸੰਤਜਨਾਂ ਨੂੰ, ਸੰਤਾਂ ਦੀ ਚਰਨ ਧੂੜ ਨੂੰ, ਸਤਿਗੁਰੂ ਨੂੰ ਅਥਵਾ ਪ੍ਰਭੂ ਦੇ ਨਾਮ ਨੂੰ ਹੀ ਅਜਿਹਾ ਤੀਰਥ ਮੰਨਿਆ ਹੈ ਜਿਹੜਾ ਮਨੁੱਖ ਦੇ ਹਿਰਦੇ ਤੋਂ ਪਾਪਾਂ ਦੀ ਮੈਲ ਧੋ ਸਕਦਾ ਹੈ, ਅਥਵਾ ਜਿਹੜਾ ਮਨ ਇੱਛੇ ਫਲ ਦੇਣ ਦੀ ਸਮਰੱਥਾ ਰੱਖਦਾ ਹੈ। ਬ੍ਰਾਹਮਣੀ ਮਿਥਿਹਾਸਿਕ ਲਿਖਤਾਂ ਤੋਂ ਬਣੇ ਹੋਏ ਜਾਂ ਧਰਤੀ ਤੇ ਬਣੇ ਹੋਰ ਕਿਸੇ ਵੀ ਦ੍ਰਿਸ਼ਟਮਾਨ ਤੀਰਥ ਨੂੰ ਪਾਪ ਨਾਸ਼ਕ ਜਾਂ ਫਲਦਾਇਕ ਗੁਰਮਤਿ ਬਿਲਕੁਲ ਨਹੀਂ ਮੰਨਦੀ। ਸੋ ਉਪਰਲੇ ਮਹਾਂਵਾਕ ਵਿੱਚ ਸਤਿਗੁਰੂ ਗ੍ਰੰਥ ਸਾਹਿਬ ਜੀ ਨੇ ਉਸ ਆਲਸੀ ਮਨੁੱਖ ਦੇ ਮਨ ਦੀ ਹਾਲਤ ਦਰਸਾਈ ਹੈ ਜਿਹੜਾ ਨਾਂ ਤਾਂ ਪ੍ਰਭੂ ਦਾ ਸਿਮਰਨ ਕਰ ਸਕਿਆ ਅਤੇ ਨਾ ਪ੍ਰਭੂ ਦੇ ਭਗਤਾਂ ਦੀ ਹੀ ਸੇਵਾ ਕਰ ਸਕਿਆ ਅਤੇ ਅੱਜ ਕੱਲ੍ਹ ਕਰਦੇ ਨੂੰ ਮੌਤ ਨੇ ਆ ਘੇਰਿਆ। ਸਤਿਗੁਰਾਂ ਦੇ ਉਪਦੇਸ਼ ਨੂੰ ਹਿਰਦੇ ਵਿੱਚ ਵਸਾ ਕੇ ਜਿਹੜਾ ਮਨੁੱਖ ਸ਼ੁਭ ਕਰਮ ਕਰਦਾ ਹੋਇਆ ਪ੍ਰਭੂ ਦੀ ਯਾਦ ਵਿੱਚ ਲੀਨ ਰਹਿੰਦਾ ਹੈ, ਉਸਦੇ ਹਿਰਦੇ ਘਰ ਵਿੱਚ ਆਤਮ ਤੀਰਥ ਬਣ ਜਾਂਦਾ ਹੈ। ਫਿਰ ਉਸ ਭਾਗਾਂ ਵਾਲੇ ਮਨੁੱਖ ਨੂੰ ਬਾਹਰ ਦੇ ਤੀਰਥਾਂ ਦੀ ਮੁਥਾਜੀ ਨਹੀਂ ਰਹਿ ਜਾਂਦੀ, ਉਹ ਸਦਾ ਆਪਣੇ ਅੰਦਰ ਦੇ ਤੀਰਥ ਤੇ ਹੀ ਇਸ਼ਨਾਨ ਕਰਦਾ ਹੋਇਆ ਸਹਿਜ ਅਵਸਥਾ ਦਾ ਅਨੰਦ ਮਾਣਦਾ ਹੈ:

- ਜਾ ਕਉ ਮਹਲੁ ਹਜੂਰਿ ਦੂਜੇ ਨਿਵੈ ਕਿਸੁ॥ ਦਰਿ ਦਰਵਾਣੀ ਨਾਹਿ ਮੂਲੇ ਪੁਛ ਤਿਸੁ॥
ਛੁਟੈ ਤਾ ਕੈ ਬੋਲਿ ਸਾਹਿਬ ਨਦਰਿ ਜਿਸੁ॥ (੭੨੯)

ਹਿਰਦੇ ਵਿੱਚ ਹੀ ਤੀਰਥ

- ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਅੰਤਰਗਤਿ ਤੀਰਥਿ ਮਲਿ ਨਾਉ॥ (੪)

- ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥ (੪੬੮)

- ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ ਸਤਿਗੁਰ ਦੀਆ ਬੁਝਾਇ॥
ਅਠਸਠਿ ਤੀਰਥ ਤਿਸੁ ਸੰਗਿ ਰਹਹਿ ਜਿਨ ਹਰਿ ਹਿਰਦੈ ਰਹਿਆ ਸਮਾਇ॥ (੪੯੧)

- ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ॥ ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ॥
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ॥
ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ॥ ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ॥

ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ॥ (੧੧੦੯)

– ਬੇਦ ਪੁਰਾਨ ਸਾਸਤ੍ਰ ਆਨੰਤਾ ਗੀਤ ਕਬਿਤ ਨ ਗਾਵਉਗੋ॥
ਅਖੰਡ ਮੰਡਲ ਨਿਰੰਕਾਰ ਮਹਿ ਅਨਹਦ ਬੇਨੁ ਬਜਾਵਉਗੋ॥
ਬੈਰਾਗੀ ਰਾਮਹਿ ਗਾਵਉਗੋ॥ ਸਬਦਿ ਅਤੀਤ ਅਨਾਹਦਿ ਰਾਤਾ ਆਕੁਲ ਕੈ ਘਰਿ ਜਾਉਗੋ॥ ਰਹਾਉ॥
ਇੜਾ ਪਿੰਗੁਲਾ ਅਉਰੁ ਸੁਖਮਨਾ ਪਉਨੈ ਬੰਧਿ ਰਹਾਉਗੋ॥
ਚੰਦੁ ਸੂਰਜੁ ਦੁਇ ਸਮ ਕਰਿ ਰਾਖਉ ਬ੍ਰਹਮ ਜੋਤਿ ਮਿਲਿ ਜਾਉਗੋ॥
ਤੀਰਥ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਨ ਸਤਾਵਉਗੋ॥
ਅਠਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰਿ ਨ੍ਹਾਉਗੋ॥ (੯੭੨)

ਗੁਰ ਗਿਆਨ ਰੂਪੀ ਤੀਰਥ

– ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ॥ (੬੮੭)

– ਸਤਿਗੁਰਿ ਸੇਵਿਐ ਸਦਾ ਸੁਖੁ ਜਨਮ ਮਰਣ ਦੁਖੁ ਜਾਇ॥ ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ॥
ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ॥
ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ॥
ਸਜਣ ਮਿਲੇ ਸਜਣਾ ਸਚੈ ਸਬਦਿ ਸੁਭਾਇ॥ ਘਰ ਹੀ ਪਰਚਾ ਪਾਇਆ ਜੋਤੀ ਜੋਤਿ ਮਿਲਾਇ॥
ਪਾਖੰਡਿ ਜਮਕਾਲੁ ਨ ਛੋਡਈ ਲੈ ਜਾਸੀ ਪਤਿ ਗਵਾਇ॥
ਨਾਨਕ ਨਾਮਿ ਰਤੇ ਸੇ ਉਬਰੇ ਸਚੇ ਸਿਉ ਲਿਵ ਲਾਇ॥ (੫੮੭)

– ਅੰਤਰਿ ਗਿਆਨੁ ਮਹਾ ਰਸੁ ਸਾਰਾ॥ ਤੀਰਥ ਮਜਨੁ ਗੁਰ ਵੀਚਾਰਾ॥
ਅੰਤਰਿ ਪੂਜਾ ਥਾਨੁ ਮੁਰਾਰਾ॥ ਜੋਤੀ ਜੋਤਿ ਮਿਲਾਵਣਹਾਰਾ॥ (੪੧੧)

ਤੀਰਥਾਂ ਦੇ ਦਰਸ਼ਨ ਇਸ਼ਨਾਨ ਨਾਲ ਸੰਬੰਧਤ ਕੁਝ ਹੋਰ ਸ਼ਬਦ ਇੰਜ ਹਨ:

– ਲਉਕੀ ਅਠਸਠਿ ਤੀਰਥ ਨ੍ਹਾਈ॥ ਕਉਰਾਪਨੁ ਤਊ ਨ ਜਾਈ॥ (੬੫੬)

– ਅਠਸਠਿ ਮਜਨੁ ਕਰਿ ਇਸਨਾਨਾ ਭ੍ਰਮਿ ਆਏ ਧਰ ਸਾਰੀ॥
ਅਨਿਕ ਸੋਚ ਕਰਹਿ ਦਿਨ ਰਾਤੀ ਬਿਨੁ ਸਤਿਗੁਰ ਅੰਧਿਆਰੀ॥ (੪੯੫)

– ਵਿਣੁ ਮਨੁ ਮਾਰੇ ਕੋਇ ਨ ਸਿਝਈ ਵੇਖਹੁ ਕੋ ਲਿਵ ਲਾਇ॥
ਭੇਖਧਾਰੀ ਤੀਰਥੀ ਭਵਿ ਥਕੇ ਨਾ ਏਹੁ ਮਨੁ ਮਾਰਿਆ ਜਾਇ॥
ਗੁਰਮੁਖਿ ਏਹੁ ਮਨੁ ਜੀਵਤੁ ਮਰੈ ਸਚਿ ਰਹੈ ਲਿਵ ਲਾਇ॥
ਨਾਨਕ ਇਸੁ ਮਨ ਕੀ ਮਲੁ ਇਉ ਉਤਰੈ ਹਉਮੈ ਸਬਦਿ ਜਲਾਇ॥ (੬੫੦)

– ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਂਈ॥ (੭੧੮)

– ਸਭਿ ਤੀਰਥ ਵਰਤ ਜਗ ਪੁੰਨ ਤੁਲਾਹਾ॥ ਹਰਿ ਹਰਿ ਨਾਮ ਨ ਪੁਜਹਿ ਪੁਜਾਹਾ॥ (੬੯੯)

– ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ॥ ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ ਮਲਿ ਨਾਇ॥
ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ॥ (੭੩੦)

– ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥

ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥ (੭੩੦)

- ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ॥
ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ॥ (੭੪੭)

- ਜੇ ਓਹੁ ਅਠਸਿਠ ਤੀਰਥ ਨ੍ਹਾਵੈ॥ ਜੇ ਓਹੁ ਦੁਆਦਸ ਸਿਲਾ ਪੂਜਾਵੈ॥
ਜੇ ਓਹੁ ਕੂਪ ਤਟਾ ਦੇਵਾਵੈ॥ ਕਰੈ ਨਿੰਦ ਸਭ ਬਿਰਥਾ ਜਾਵੈ॥ (੮੭੫)

- ਤੀਰਥਿ ਭਰਮਸਿ ਬਿਆਧਿ ਨ ਜਾਵੈ॥ ਨਾਮ ਬਿਨਾ ਕੈਸੇ ਸੁਖੁ ਪਾਵੈ॥ (੯੦੬)

- ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ॥
ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ॥ (੯੩੦)

- ਅਠਸਠਿ ਤੀਰਥ ਜਹ ਸਾਧ ਪਗ ਧਰਹਿ॥ ਤਹ ਬੈਕੁੰਠੁ ਜਹ ਨਾਮੁ ਉਚਰਹਿ॥ (੯੯੦)

- ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ॥
ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ॥ (੯੦੨)

- ਭੇਖੀ ਰਾਖ ਨ ਲਭਈ ਤੀਰਥਿ ਨਹੀ ਦਾਨੇ॥ ਪੂਛਹੁ ਬੇਦ ਪੜੰਤਿਆ ਮੂਠੀ ਵਿਣੁ ਮਾਨੇ॥ (੧੦੧੨)

- ਇਕਿ ਜਪ ਤਪ ਕਰਿ ਕਰਿ ਤੀਰਥ ਨਾਵਹਿ॥ ਜਿਉ ਤੁਧੁ ਭਾਵੈ ਤਿਵੈ ਚਲਾਵਹਿ॥
ਹਠਿ ਨਿਗ੍ਰਹਿ ਅਪਤੀਜੁ ਨ ਭੀਜੈ ਬਿਨੁ ਹਰਿ ਗੁਰ ਕਿਨਿ ਪਤਿ ਪਾਈ ਹੇ॥ (੧੦੨੪)

- ਤੀਰਥ ਨਾਇ ਨ ਉਤਰਸਿ ਮੈਲੁ॥ ਕਰਮ ਧਰਮ ਸਭਿ ਹਉਮੈ ਫੈਲੁ॥ (੯੯੦)

- ਬਹੁ ਤੀਰਥ ਭਵਿਆ॥ ਤੇਤੋ ਲਵਿਆ॥ (੪੬੭)

- ਕਈ ਕੋਟਿ ਭਏ ਤੀਰਥ ਵਾਸੀ॥ ਕਈ ਕੋਟਿ ਬਨ ਭ੍ਰਮਹਿ ਉਦਾਸੀ॥ (੨੭੫)

ਇਸ਼ਨਾਨ ਅਤੇ ਗੁਰੂ ਬਾਣੀ

ਮਹਾਨ ਕੋਸ਼ ਵਿੱਚ ਇਸ਼ਨਾਨ ਦੇ ਅਰਥ ਮੈਲ ਉਤਾਰਨੀ, ਸਾਫ਼ ਕਰਨਾ ਅਤੇ ਸਰੀਰ ਧੋਣਾ ਲਿਖੇ ਹਨ। ਇਸ਼ਨਾਨ ਨੂੰ ਵਿਦਵਾਨਾਂ ਨੇ ਅਰੋਗਤਾ ਦਾ ਮੂਲ ਮੰਨਿਆ ਹੈ। ਬਿਬੇਕ ਬੁੱਧਿ ਨਾਲ ਵਿਚਾਰ ਕਰੀਏ ਤਾਂ ਇਸ਼ਨਾਨ ਦਾ ਅੰਤਹਕਰਣ ਦੀ ਪਵਿਤ੍ਰਤਾ ਅਤੇ ਸ਼ਾਂਤੀ ਤੇ ਭਾਰੀ ਅਸਰ ਹੈ। ਗੰਦੇ ਮਨੁੱਖ ਤੋਂ ਘਿਰਣਾ ਆਉਂਦੀ ਹੈ। ਜਦਕਿ ਸਾਫ਼ ਸੁਥਰੇ ਮਨੁੱਖ ਬਾਰੇ ਸਹਿਜੇ ਹੀ ਚੰਗੇ ਵਿਚਾਰ ਬਣ ਜਾਂਦੇ ਹਨ।

ਆਮ ਹਾਲਤ ਵਿੱਚ ਠੰਡੇ ਪਾਣੀ ਨਾਲ ਕੀਤਾ ਇਸ਼ਨਾਨ ਸਰੀਰ ਵਿੱਚ ਉੱਦਮ ਪੈਦਾ ਕਰਦਾ ਹੈ ਅਤੇ ਸੋਚ ਵਿਚਾਰ ਦਾ ਕੰਮ ਕਰਨ ਸਮੇਂ, ਇਕਾਗਰਤਾ ਬਣਾਉਣ ਵਿੱਚ ਸਹਾਈ ਹੁੰਦਾ ਹੈ। ਸਿੱਖ ਧਰਮ ਵਿੱਚ ਅਥਵਾ ਸਿੱਖੀ ਦੀ ਰਹਿਤ ਮਰਿਯਾਦਾ ਵਿੱਚ ਇਸ਼ਨਾਨ ਨੂੰ ਨਾਮ ਅਤੇ ਦਾਨ ਦੀ ਬਰਾਬਰੀ ਮਿਲੀ ਹੋਈ ਹੈ ਅਤੇ ਬਹੁਤਾ ਕਰਕੇ ਸਿੱਖ ਜਗਤ ਵਿੱਚ ਪਿੰਡੇ ਦੇ ਇਸ਼ਨਾਨ ਅਤੇ ਮਾਇਕ ਪਦਾਰਥਾਂ ਦੇ ਦਾਨ ਨੂੰ ਨਾਮ ਸਿਮਰਨ ਦੀ ਬਰਾਬਰੀ ਹੀ ਮਿਲੀ ਸਮਝੀ ਜਾਂਦੀ ਹੈ। ਏਹੀ ਕਾਰਨ ਹੈ ਕਿ ਕੁਝ ਕੁ ਨੂੰ ਛੱਡ ਕੇ ਸਿੱਖ ਜਗਤ ਨੇ ਪਿੰਡੇ ਦੇ ਇਸ਼ਨਾਨ ਨੂੰ ਪ੍ਰਭੂ ਭਗਤੀ ਦਾ, ਅਥਵਾ ਸਿੱਖ ਧਰਮ ਦਾ ਅੰਗ ਮੰਨ ਲਿਆ ਹੋਇਆ ਹੈ। ਪਿੰਡੇ ਦੇ ਇਸ਼ਨਾਨ ਦੇ ਨਿਤਨੇਮੀ ਦੇ ਮਨ ਵਿੱਚ ਪੱਕੇ ਧਰਮੀ ਹੋਣ ਦਾ ਭਾਅ ਅਥਵਾ ਸੂਖਸ਼ਮ ਹੰਕਾਰ ਬਣਿਆ ਨਜ਼ਰੀਂ ਆ ਜਾਂਦਾ ਹੈ।

ਸਵਾਲ ਇਹ ਹੈ ਕਿ ਕੀ ਸਿਰਫ਼ ਪਿੰਡਾ ਧੋ ਲੈਣ ਨਾਲ ਕੋਈ ਮਨੁੱਖ ਧਰਮੀ ਬਣ ਜਾਂਦਾ ਹੈ? ਪਿੰਡੇ ਦੀ ਸੁੱਚਮ ਤੇ ਬਹੁਤਾ ਜ਼ੋਰ ਦੇਣ ਵਾਲੇ ਬਿਪ੍ਰ ਦੇ ਲਿਖੇ ਧਰਮ ਗ੍ਰੰਥਾਂ ਵਿੱਚ ਅਜਿਹੀਆਂ ਕਥਾ ਕਹਾਣੀਆਂ ਹਨ ਜਿਨ੍ਹਾਂ ਤੋਂ ਸਮਝ ਪੈਂਦੀ ਹੈ, ਰੂਹਾਨੀ ਦੁਨੀਆਂ ਵਿੱਚ ਨੇਮ ਨਾਲ ਰੋਜ਼ ਇਸ਼ਨਾਨ ਕਰਨਾ ਜ਼ਰੂਰੀ ਨਹੀਂ ਮੰਨਿਆ ਗਿਆ। ਅਜਿਹੇ ਰਿਸ਼ੀਆਂ ਦਾ ਜ਼ਿਕਰ ਹੈ ਜਿਨ੍ਹਾਂ ਨੂੰ ਕਈ ਕਈ ਦਿਨ, ਕਈ ਮਹੀਨੇ ਅਥਵਾ ਕਈ ਸਾਲ ਸਮਾਧੀ ਅਸਥਿਤ ਰਹੇ ਦਰਸਾਇਆ ਹੋਇਆ ਹੈ। ਸਿੱਧ, ਜੋਗੀ ਤੇ ਫ਼ਕੀਰ ਆਦਿ ਗੁਫ਼ਾਵਾਂ ਵਿੱਚ ਬੰਦ ਹੋ ਕੇ ਕਈ ਕਈ ਦਿਨ ਅੰਨ ਪਾਣੀ ਦੇ ਤਿਆਗ ਦਾ ਵਰਤ ਰੱਖਣ ਵਿੱਚ ਪ੍ਰਸਿੱਧ ਰਹੇ ਹਨ।

ਸਿੱਖ ਇਤਿਹਾਸ ਵਿੱਚ ਅਜਿਹੇ ਕਈ ਸਮੇਂ ਆਏ ਸਨ ਜਦ ਸਿੰਘਾਂ ਨੂੰ ਕਈ ਕਈ ਮਹੀਨੇ ਪੀਣ ਲਈ ਵੀ ਰੱਜਵਾਂ ਪਾਣੀ ਨਹੀਂ ਸੀ ਮਿਲਿਆ, ਇਸ਼ਨਾਨ ਕਰਨਾ ਤਾਂ ਦੂਰ ਦੀ ਗੱਲ ਸੀ। ਪਰ ਫਿਰ ਵੀ ਸਾਰੇ ਸਿੰਘ ਬਾਣੀ ਦੇ ਨਿਤਨੇਮ ਵਿੱਚ ਪੂਰੇ ਸੁਚੇਤ ਰਹੇ ਅਤੇ ਪ੍ਰਭੂ ਦੀ ਯਾਦ ਤੋਂ ਨਹੀਂ ਸਨ ਉਖੜੇ। ਪ੍ਰਭੂ ਦਾ ਸਿਮਰਨ ਪ੍ਰਭੂ ਨਾਲ ਬਣੇ ਹਿਰਦੇ ਵਿਚਲੇ ਪਿਆਰ ਦਾ ਫਲ ਹੈ।

ਸੋ ਸਿੱਧ ਹੈ ਕਿ ਨੇਮ ਨਾਲ ਇਸ਼ਨਾਨ ਕਰਨ ਉਪਰੰਤ ਕੁਝ ਸਮਾਂ ਬੈਠ ਕੇ ਨਿਰਾ ਪਾਠ ਕਰਨ ਨਾਲ ਕੋਈ ਮਨੁੱਖ ਧਰਮੀ ਨਹੀਂ ਬਣ ਜਾਂਦਾ। ਧਰਮੀ ਬਣਨ ਲਈ ਗੁਰੂ ਦੀ ਮੱਤਿ ਅਨੁਸਾਰ ਜੀਵਨ ਜੁਗਤ ਢਾਲ ਕੇ ਹਿਰਦੇ ਵਿੱਚ ਪ੍ਰਭੂ ਪਿਆਰ ਦੀ ਰੰਗਣ ਚੜ੍ਹੀ ਹੋਣ ਦੀ ਲੋੜ ਹੁੰਦੀ ਹੈ। ਸੁੱਤੇ ਉਠਦਿਆਂ ਹੀ ਤੜਕੇ ਦਾ ਇਸ਼ਨਾਨ ਧਰਮੀ ਬਣਨ ਲਈ ਬੰਦਸ਼ ਨਹੀਂ ਸਗੋਂ ਸੂਝਵਾਨ ਮਨੁੱਖ ਦੀ ਸਿਆਣਪ ਅਥਵਾ ਸੁਚੱਜਤਾ ਹੈ।

– ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ॥ (੧੫੦)

ਆਉ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿੱਚ ਹਾਜ਼ਰ ਹੋ ਕੇ ਇਸ਼ਨਾਨ ਬਾਰੇ ਹੋਰ ਗੁਰਮਤਿ ਗਿਆਨ ਤੋਂ ਜਾਣੂ ਹੋਣ ਦਾ ਉਪਰਾਲਾ ਕਰੀਏ:

– ਸਤਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ॥ ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ॥ (੩੪)

– ਵਸਤ੍ਰ ਪਖਾਲਿ ਪਖਾਲੇ ਕਾਇਆ ਆਪੇ ਸੰਜਮਿ ਹੋਵੈ॥ ਅੰਤਰਿ ਮੈਲੁ ਲਗੀ ਨਹੀ ਜਾਣੈ ਬਾਹਰਹੁ ਮਲਿ ਮਲਿ ਧੋਵੈ॥
ਅੰਧਾ ਭੂਲਿ ਪਇਆ ਜਮ ਜਾਲੇ॥ ਵਸਤੁ ਪਰਾਈ ਅਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੇ॥
ਨਾਨਕ ਗੁਰਮੁਖਿ ਹਉਮੈ ਤੁਟੈ ਤਾ ਹਰਿ ਹਰਿ ਨਾਮੁ ਧਿਆਵੈ॥
ਨਾਮੁ ਜਪੇ ਨਾਮੋ ਆਰਾਧੇ ਨਾਮੇ ਸੁਖਿ ਸਮਾਵੈ॥ (੧੩੯)

– ਸੰਧਿਆ ਪ੍ਰਾਤ ਇਸ੍ਨਾਨੁ ਕਰਾਹੀ॥ ਜਿਉ ਭਏ ਦਾਦੁਰ ਪਾਨੀ ਮਾਹੀ॥ (੩੨੪)

– ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਂਏਂ॥
ਦਿਲ ਮਹਿ ਕਪਟੁ ਨਿਵਾਜ ਗੁਜਾਰੈ ਕਿਆ ਹਜ ਕਾਬੈ ਜਾਂਏਂ॥ (੧੩੪੯)

– ਨਿਤਪ੍ਰਤਿ ਇਸਨਾਨੁ ਸਰੀਰੰ॥ ਦੁਇ ਧੋਤੀ ਕਰਮ ਮੁਖਿ ਖੀਰੰ॥
ਰਿਦੈ ਛੁਰੀ ਸੰਧਿਆਨੀ॥ ਪਰ ਦਰਬੁ ਹਿਰਨ ਕੀ ਬਾਨੀ॥ (੧੩੫੧)

– ਪਹਿਰੈ ਬਾਗਾ ਕਰਿ ਇਸਨਾਨਾ ਚੋਆ ਚੰਦਨ ਲਾਏ॥
ਨਿਰਭਉ ਨਿਰੰਕਾਰ ਨਹੀ ਚੀਨਿਆ ਜਿਉ ਹਸਤੀ ਨਾਵਾਏ॥ (੨੧੩)

– ਪੂਜਾ ਤਿਲਕ ਕਰਤ ਇਸਨਾਨਾਂ॥ ਛੁਰੀ ਕਾਢਿ ਲੇਵੈ ਹਥਿ ਦਾਨਾ॥ (੨੦੧)

ਅੱਜ ਸਿੱਖੀ ਵਿੱਚ ਵੀ ਦਾਹੜੀ ਕੇਸਾਂ ਵਾਲੇ ਬ੍ਰਾਹਮਣਾਂ ਦਾ ਕੋਈ ਘਾਟਾ ਨਹੀਂ ਰਿਹਾ ਹੈ। ਡੇਰੇਦਾਰ, ਭਾੜੇ ਤੇ ਪਾਠ ਕਰਨ ਵਾਲੇ ਅਖੰਡਪਾਠੀ, ਪ੍ਰਚਾਰਕ, ਅਥਵਾ ਰਾਗੀ ਢਾਡੀ ਧਰਮ ਆਗੂ ਬਣ ਕੇ ਲੋਕਾਂ ਨੂੰ ਲੁੱਟ ਰਹੇ ਹਨ।

ਮਾਇਆ ਜ਼ਹਿਰ ਦੀ ਉਗ੍ਰਾਹੀ ਲਈ ਬਾਣੀ ਸੁਣਾਉਣ ਵਾਲੇ ਸਿੱਖੀ ਸ਼ਕਲ ਵਾਲੇ ਇਹ ਧਰਮ ਆਗੂ ਵੀ ਸਤਿਗੁਰਾਂ ਦੀਆਂ ਨਜ਼ਰਾਂ ਵਿੱਚ ਲੁੱਟਣਹਾਰੇ ਠੱਗ ਪ੍ਰੋਹਿਤ ਹੀ ਹਨ।

– ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ॥ ਜਮ ਪੁਰਿ ਬਾਧਾ ਚੋਟਾ ਖਾਵੈ॥ (੧੯੪)

ਜਿੰਨ੍ਹਾਂ ਦੇ ਅੰਦਰ ਤਾਂ ਬਿਖ ਮਾਇਆ ਦੀ ਉਗਰਾਹੀ ਦੀ ਲਾਲਸਾ ਠਾਠਾਂ ਮਾਰ ਰਹੀ ਹੁੰਦੀ ਹੈ, ਪਰ ਮੂੰਹ ਤੋਂ ਨਾਮ ਅੰਮ੍ਰਿਤ ਦਾ ਜਾਪ ਕਰਵਾ ਰਹੇ ਹੁੰਦੇ ਹਨ ਜਾਂ ਸੰਗਤ ਨੂੰ ਅੰਮ੍ਰਿਤ ਰੂਪੀ ਬਾਣੀ ਸੁਣਾ ਰਹੇ ਹਨ, ਉਨ੍ਹਾਂ ਪ੍ਰਚਾਰਕਾਂ ਬਾਰੇ ਫੁਰਮਾਨ ਹੈ ਕਿ ਉਹ ਜਮਾਂ ਦੀ ਨਗਰੀ ਵਿੱਚ ਬੱਝੇ ਸੱਟਾਂ ਖਾਂਦੇ ਹਨ, ਭਾਵ ਆਤਮਿਕ ਰੋਗਾਂ ਕਾਰਨ ਦੁੱਖੀ ਹਨ। ਅਜਿਹੇ ਚਿੱਟ ਕੱਪੜੀਏ ਦੇ ਪਾਠ ਅਤੇ ਹੋਰ ਧਰਮ ਕਰਮ ਵੀ ਉਸੇ ਤਰ੍ਹਾਂ ਦੇ ਹੀ ਹਨ, ਜਿਵੇਂ ਉਸ ਲੁਟੇਰੇ ਅਤੇ ਨਿਰਦਈ ਬ੍ਰਾਹਮਣ ਦੇ ਸਨ ਜਿਸ ਨੂੰ ਵੇਖ ਕੇ ਸਤਿਗੁਰਾਂ ਨੇ ਇਹ ਸ਼ਬਦ ਉਚਾਰਿਆ ਸੀ:

– ਖਟੁ ਸਾਸਤ ਬਿਚਰਤ ਮੁਖਿ ਗਿਆਨਾ॥ ਪੂਜਾ ਤਿਲਕੁ ਤੀਰਥ ਇਸਨਾਨਾ॥
ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ॥ (੯੮)

– ਦੇਹੀ ਧੋਇ ਨ ਉਤਰੈ ਮੈਲੁ॥ ਹਉਮੈ ਬਿਆਪੈ ਦੁਬਿਧਾ ਫੈਲੁ॥
ਹਰਿ ਹਰਿ ਅਉਖਧੁ ਜੋ ਜਨੁ ਖਾਇ॥ ਤਾ ਕਾ ਰੋਗੁ ਸਗਲ ਮਿਟਿ ਜਾਇ॥ (੯੯੩)

ਵਿਕਾਰਾਂ ਤੋਂ ਮੁਕਤ ਕਰਾਉਣ ਵਾਲਾ ਇਸ਼ਨਾਨ

ਉਪਰ ਅਸਾਂ ਵੇਖਿਆ ਹੈ ਕਿ ਗੁਰਦੇਵ ਨੇ ਆਪਣੇ ਨਿਆਰੇ ਗਿਆਨ ਦੇ ਹਰ ਇੱਕ ਪੱਖ ਨੂੰ ਚੰਗੀ ਤਰ੍ਹਾਂ ਸਮਝਾਉਣ ਲਈ ਕਈ ਕਈ ਸ਼ਬਦ ਰਚੇ ਹਨ। ਅਜਿਹੇ ਹੋਰ ਵੀ ਕਈ ਸ਼ਬਦ ਹਨ ਜਿਨ੍ਹਾਂ ਵਿੱਚ ਨਿਰੇ ਪਾਣੀ ਦੇ ਇਸ਼ਨਾਨ ਨੂੰ ਉੱਚੀ ਆਤਮਿਕ ਅਵਸਥਾ ਦੀ ਨਿਸ਼ਾਨੀ ਨਹੀਂ ਮੰਨਿਆ ਸਗੋਂ ਅਜਿਹੇ ਨਿਤ ਦੇ ਇਸ਼ਨਾਨ ਨੂੰ ਪਾਣੀ ਦੇ ਡੱਡੂ ਤੁੱਲ ਫੁਰਮਾਇਆ ਹੈ:

– ਕੋਟਿ ਮਜਨ ਕੀਨੋ ਇਸਨਾਨ॥ ਲਾਖ ਅਰਬ ਖਰਬ ਦੀਨੋ ਦਾਨੁ॥ ਜਾ ਮਨਿ ਵਸਿਓ ਹਰਿ ਕੋ ਨਾਮੁ॥ (੨੦੨)

– ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ॥
ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ॥ (੩੫੮)

– ਗੁਰਮਤਿ ਸਤ ਸਰਿ ਹਰਿ ਜਲਿ ਨਾਇਆ॥ ਦੁਰਮਤਿ ਮੈਲੁ ਸਭੁ ਦੁਰਤੁ ਗਵਾਇਆ॥ (੩੬੨)

– ਗੁਰਿ ਪੂਰੈ ਕਿਰਪਾ ਧਾਰੀ॥ ਪ੍ਰਭਿ ਪੂਰੀ ਲੋਚ ਹਮਾਰੀ॥
ਕਰਿ ਇਸਨਾਨੁ ਗ੍ਰਿਹਿ ਆਏ॥ ਅਨਦ ਮੰਗਲ ਸੁਖ ਪਾਏ॥ (੬੨੧)

– ਕਦਿ ਪਾਵਉ ਸਾਧਸੰਗੁ ਹਰਿ ਹਰਿ ਸਦਾ ਆਨੰਦੁ ਗਿਆਨ ਅੰਜਨਿ ਮੇਰਾ ਮਨੁ ਇਸਨਾਨੈ॥ (੬੮੭)

ਗੰਗਾ ਦੇ ਜਲ ਦੀ ਹਿੰਦੂ ਗ੍ਰੰਥਾਂ ਵਿੱਚ ਬੜੀ ਮਹਿਮਾ ਹੈ ਪਰ ਗੁਰਦੇਵ ਦਾ ਗੰਗਾ ਜਲ ਕੇਵਲ ਗੋਬਿੰਦ ਨਾਮ ਹੈ।

– ਗੰਗਾ ਜਲੁ ਗੁਰ ਗੋਬਿੰਦ ਨਾਮ॥ ਜੋ ਸਿਮਰੈ ਤਿਸ ਕੀ ਗਤਿ ਹੋਵੈ ਪੀਵਤ ਬਹੁੜਿ ਨ ਜੋਨਿ ਭ੍ਰਮਾਮ॥ (੧੧੩੭)

– ਹਰਿ ਨਾਮਿ ਨਾਵੈ ਸੋਈ ਜਨੁ ਨਿਰਮਲੁ ਫਿਰਿ ਮੈਲਾ ਮੂਲਿ ਨ ਹੋਈ॥
ਨਾਮ ਬਿਨਾ ਸਭੁ ਜਗੁ ਹੈ ਮੈਲਾ ਦੂਜੈ ਭਰਮਿ ਪਤਿ ਖੋਈ॥ (੧੨੩੪)

– ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ॥ ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ॥ (੯੧)

– ਪੂਰਾ ਮਾਰਗੁ ਪੂਰਾ ਇਸਨਾਨੁ॥ ਸਭੁ ਕਿਛੁ ਪੂਰਾ ਹਿਰਦੈ ਨਾਮੁ॥ (੧੮੮)

– ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ॥ ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ॥ (੧੪੬)

ਨਾਮ ਦਾਨ ਇਸ਼ਨਾਨ

ਸਿੱਖ ਜਗਤ ਵਿੱਚ ਨਾਮ, ਦਾਨ, ਇਸ਼ਨਾਨ ਦੀ ਬਹੁਤ ਮਹਿਮਾ ਹੈ। ਇਸ ਲਈ ਕੁਝ ਅਜਿਹੇ ਸ਼ਬਦ ਵੀ ਵਿਚਾਰ ਲੈਣੇ ਲਾਹੇਵੰਦ ਹੋਣਗੇ ਜਿਨ੍ਹਾਂ ਵਿੱਚ ਨਾਮ, ਦਾਨ ਤੇ ਇਸ਼ਨਾਨ ਦੇ ਗੁਰਮਤਿ ਅਰਥਾਂ ਦੀ ਸੋਝੀ ਕਰਾਈ ਹੋਈ ਹੈ।

– ਸੁਣਿ ਗਲਾ ਗੁਰ ਪਹਿ ਆਇਆ॥ ਨਾਮੁ ਦਾਨੁ ਇਸਨਾਨੁ ਦਿੜਾਇਆ॥
ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ॥ (੭੪)

– ਦੁਆਦਸੀ ਦਾਨੁ ਨਾਮੁ ਇਸਨਾਨੁ॥ ਹਰਿ ਕੀ ਭਗਤਿ ਕਰਹੁ ਤਜਿ ਮਾਨੁ॥ (੨੯੯)

– ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ॥ ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ॥ (੪੧੯)

– ਮਾਇ ਬਾਪ ਕੋ ਬੇਟਾ ਨੀਕਾ ਸਸੁਰੈ ਚਤੁਰੁ ਜਵਾਈ॥ ਬਾਲ ਕੰਨਿਆ ਕੌ ਬਾਪੁ ਪਿਆਰਾ ਭਾਈ ਕੌ ਅਤਿ ਭਾਈ॥
ਹੁਕਮੁ ਭਇਆ ਬਾਹਰੁ ਘਰੁ ਛੋਡਿਆ ਖਿਨ ਮਹਿ ਭਈ ਪਰਾਈ॥
ਨਾਮੁ ਦਾਨੁ ਇਸਨਾਨੁ ਨ ਮਨਮੁਖਿ ਤਿਤੁ ਤਨਿ ਧੂੜਿ ਧੁਮਾਈ॥ (੫੯੬)

– ਨਾਮ ਦਾਨੁ ਇਸਨਾਨੁ ਨ ਕੀਓ ਇਕ ਨਿਮਖ ਨ ਕੀਰਤਿ ਗਾਇਓ॥
ਨਾਨਾ ਝੂਠਿ ਲਾਇ ਮਨੁ ਤੋਖਿਓ ਨਹ ਬੂਝਿਓ ਅਪਨਾਇਓ॥ (੭੧੨)

ਇਨ੍ਹਾਂ ਗੁਰ ਸ਼ਬਦਾਂ ਦੀ ਵਿਚਾਰ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਦਾਨ ਦਾ ਅਰਥ ਮਾਇਕ ਪਦਾਰਥਾਂ ਦੇ ਦਾਨ ਦੀ ਗੱਲ ਨਹੀਂ ਹੈ ਸਗੋਂ ਲੋਕ ਸੇਵਾ ਅਥਵਾ ਨਾਮ ਜਪਾਉਣ ਦੀ ਸੇਵਾ ਕਰਨਾ ਹੈ। ਇਸ਼ਨਾਨ ਵੀ, ਪਿੰਡਾ ਧੋਣਾ ਨਹੀਂ ਹੈ ਸਗੋਂ ਹਿਰਦੇ ਦੀ ਪਵਿੱਤ੍ਰਤਾ ਅਥਵਾ ਸੁੱਚੇ ਆਚਰਣ ਦੀ ਗੱਲ ਹੈ। ਜੇ ਦਾਨ ਦਾ ਅਰਥ ਮਾਇਆ ਦਾਨ ਕਰੀਏ ਤਾਂ ਗੁਰਦੇਵ ਦੇ ਸਿਧਾਂਤਾਂ ਦੀ ਖੰਡਨਾ ਹੁੰਦੀ ਹੈ। ਪੁਰਾਣਕ ਤੀਰਥਾਂ ਦੀ ਸਿਰਜਣਾ ਵੀ ਉਸੇ ਦਾਨ ਪ੍ਰਥਾ ਦੀ ਹੀ ਉਪਜ ਸਿੱਧ ਹੋ ਚੁੱਕੀ ਹੈ। ਇਸੇ ਤਰ੍ਹਾਂ ਇਸ਼ਨਾਨੁ ਦਾ ਅਰਥ ਜੇ ਸਰੀਰ ਦੀ ਬਾਹਰੀ ਸਫ਼ਾਈ ਕੀਤਾ ਜਾਵੇ ਤਾਂ ਸਤਿਗੁਰਾਂ ਦੇ ਉਸ ਸਿਧਾਂਤ ਦੀ ਖੰਡਨਾ ਹੁੰਦੀ ਹੈ ਜਿਸ ਬਾਰੇ ਉਪਰਲੇ ਕਈ ਗੁਰੂ ਸ਼ਬਦਾਂ ਦੀ ਵਿਚਾਰ ਤੋਂ ਸੋਝੀ ਆ ਰਹੀ ਹੈ। ਗੁਰਮਤਿ ਇਸ਼ਨਾਨ ਦਾ ਅਰਥ ਮਨੁੱਖੀ ਆਚਰਣ ਵਿੱਚ ਪਵਿੱਤ੍ਰਤਾ ਲਿਆਉਣਾ ਹੀ ਹੈ। ਜਿਨ੍ਹਾਂ ਤਿੰਨਾਂ ਸਿਧਾਂਤਾਂ ਦੀ ਸਿੱਖ ਧਰਮ ਵਿੱਚ ਮਹਿਮਾ ਹੈ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

<u>੧. ਨਾਮ</u>:– ਹਰ ਸਮੇਂ ਪ੍ਰਭੂ ਦੀ ਯਾਦ ਵਿੱਚ ਮਨ ਟਿਕਾਈ ਰੱਖਣਾ ਸਦਾ ਉਸਦੇ ਭੈ ਵਿੱਚ ਵਿਚਰਨਾ।

– ਮੁਖ ਕੀ ਬਾਤ ਸਗਲ ਸਿਉ ਕਰਤਾ॥ ਜੀਅ ਸੰਗਿ ਪ੍ਰਭੁ ਅਪੁਨਾ ਧਰਤਾ॥ (੩੮੪)

<u>੨. ਦਾਨ</u>:– ਗਰੀਬ ਲੋੜਵੰਦਾਂ ਦੀ ਨਿਸ਼ਕਾਮ ਸੇਵਾ ਕਰ ਸਕਣ ਦਾ ਕੋਈ ਵੀ ਸਮਾਂ ਹੱਥੋਂ ਨਾ ਗਵਾਉਣਾ, ਲੋਕਾਂ ਵਿੱਚ ਪਿਆਰ ਵੰਡਣਾ ਅਥਵਾ ਲੋਕਾਂ ਨੂੰ ਪ੍ਰਭੂ ਦੇ ਨਿਰਮਲ ਭੈ ਵਿੱਚ ਰਹਿਣ ਦੀ ਸਿੱਖਿਆ ਦੇਣੀ, ਅਥਵਾ ਪ੍ਰਭੂ ਨੂੰ ਸਦਾ ਆਪਣੇ ਅੰਗ ਸੰਗ ਸਮਝਦਿਆਂ ਕੁਕਰਮਾਂ ਤੋਂ ਬਚੇ ਰਹਿਣ ਦੀ ਪ੍ਰੇਰਨਾ ਕਰਨ ਦੀ ਸੇਵਾ ਕਰਨੀ।

– ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥ (੨੮੬)

੩. ਇਸ਼ਨਾਨ:- ਆਪਣੇ ਹਿਰਦੇ ਦੀ ਪਵਿੱਤ੍ਰਤਾ ਬਣਾਈ ਰੱਖਣੀ, ਆਪਣੇ ਆਚਰਣ ਨੂੰ ਸਦਾ ਪਵਿਤ੍ਰ ਰੱਖਣਾ।

– ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ॥ (੧੯੯)

ਇਸ ਤੋਂ ਉਲਟ ਕਰਮਕਾਂਡੀ ਭਾਵਨਾ ਵਾਲੇ ਅਰਥ ਕਰਨੇ ਮਨਮੁਖਤਾਈ ਹੈ ਅਤੇ ਬਿਪ੍ਰਨ ਕੀ ਰੀਤ ਦੇ ਧਾਰਨੀ ਬਣਨ ਦੀ ਭੁੱਲ ਹੈ।

– ਕਾਮ ਕ੍ਰੋਧ ਲੋਭ ਮੋਹ ਤਜਾਰੀ॥ ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ॥ (੭੪੦)

ਗੁਰਮਤਿ ਇਸ਼ਨਾਨ ਦੇ ਅਰਥ ਸਮਝਣ ਵਿੱਚ ਝਮੇਲਾ

ਉਪਰਲੀ ਗੁਰਬਾਣੀ ਵਿਚਾਰ ਤੋਂ ਸਪੱਸ਼ਟ ਹੈ ਕਿ ਗੁਰਦੇਵ ਨੇ ਕੇਵਲ ਨਾਮ ਬਾਣੀ ਵਿੱਚ ਕੀਤੇ ਆਤਮਿਕ ਇਸ਼ਨਾਨ ਨੂੰ ਹੀ ਸਿੱਖ ਧਰਮ ਦਾ ਅੰਗ ਮੰਨਿਆ ਹੈ। ਪਰ ਜਿਨ੍ਹਾਂ ਉਪਦੇਸ਼ਕਾਂ ਨੂੰ ਗੁਰਮਤਿ ਦੀ ਜਾਣਕਾਰੀ ਸਿਰਫ਼ ਮਾਇਆ ਉਗ੍ਰਾਹੀ ਕਰ ਸਕਣ ਜੋਗੀ ਹੀ ਹੁੰਦੀ ਹੈ। ਉਹ ਪਿੰਡੇ ਦੇ ਇਸ਼ਨਾਨ ਨੂੰ ਸਿੱਖ ਧਰਮ ਦਾ ਅੰਗ ਦੱਸ ਕੇ ਸੰਗਤਾਂ ਵਿੱਚ ਭੁਲੇਖਾ ਪਾਉਂਦੇ ਹਨ। ਡੇਰੇਦਾਰ ਸਾਧਾਂ ਦੇ ਉਪਦੇਸ਼ ਦਾ ਬਹੁਤਾ ਹਿੱਸਾ ਵੀ ਸਿੱਖੀ ਵਿੱਚ ਬਿਪ੍ਰਨ ਕੀ ਰੀਤ ਲੈ ਆਉਣ ਵਾਲਾ ਹੀ ਹੈ। ਅਜਿਹੇ ਉਪਦੇਸ਼ਕ ਆਪਣੀ ਦਲੀਲ ਦੀ ਪੁਸ਼ਟੀ ਲਈ ਇਸ ਗੁਰੂ ਫੁਰਮਾਨ ਦੀ ਵਰਤੋਂ ਕਰਦੇ ਹਨ:

– ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥
ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ॥ (੬੧੧)

ਇਸ ਸ਼ਬਦ ਦੀ ਰਹਾਉ ਦੀ ਤੁਕ ਇਸ ਤਰ੍ਹਾਂ ਹੈ:

– ਪ੍ਰਭ ਬਾਣੀ ਸਬਦੁ ਸੁਭਾਖਿਆ॥ ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ॥ ਰਹਾਉ॥ (੬੧੧)

ਇਸ ਗੁਰ ਸ਼ਬਦ ਦੇ ਅਰਥ ਸਟੇਜਾਂ ਤੋਂ ਕਈ ਵਾਰ ਇਸ ਤਰ੍ਹਾਂ ਕੀਤੇ ਜਾ ਰਹੇ ਹੁੰਦੇ ਹਨ ਕਿ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ, ਆਪਣੇ ਪ੍ਰਭੂ ਦਾ ਨਾਮ ਸਿਮਰਨ ਦੇ ਨਾਲ ਮਨ ਅਤੇ ਸਰੀਰ ਨਰੋਏ ਹੋ ਜਾਂਦੇ ਹਨ। ਕਿਉਂਕਿ ਪ੍ਰਭੂ ਦੀ ਸ਼ਰਨ ਪਿਆਂ ਜੀਵਨ ਦੇ ਰਾਹ ਵਿੱਚ ਆਉਣ ਵਾਲੀਆਂ ਕ੍ਰੋੜਾਂ ਰੁਕਾਵਟਾਂ ਦੂਰ ਹੋ ਜਾਂਦੀਆਂ ਹਨ ਤੇ ਪ੍ਰਭੂ ਨਾਲ ਮਿਲਾਪ ਦੇ ਚੰਗੇ ਅਵਸਰ ਉਘੜ ਪੈਂਦੇ ਹਨ। ਰਹਾਉ ਵਾਲੀ ਪੰਗਤੀ ਨੂੰ ਪੜ੍ਹਨ ਦੀ ਲੋੜ ਹੀ ਨਹੀਂ ਸਮਝੀ ਜਾਂਦੀ।

ਇਸ ਤਰ੍ਹਾਂ ਕੀਤੇ ਅਰਥਾਂ ਤੋਂ ਕੁਝ ਸ਼ੰਕੇ ਪੈਦਾ ਹੋ ਜਾਂਦੇ ਹਨ:

੧. ਜਦ ਰਹਾਉ ਦੀ ਤੁਕ ਵਿੱਚ ਅਜਿਹਾ ਸੰਕੇਤ ਨਹੀਂ ਹੈ, ਫਿਰ ਪ੍ਰਭੂ ਦੇ ਨਾਮ ਸਿਮਰਨ ਲਈ ਕਿਸੇ ਵੇਲੇ ਵਕਤ ਨੂੰ ਵਿਚਾਰਨ ਵਾਲੀ ਸ਼ਰਤ ਕਿਸ ਦਲੀਲ ਦੇ ਅਧਾਰ 'ਤੇ ਲੱਗੇ? ਗੁਰੂ ਦਾ ਤਾਂ ਇਹ ਹੁਕਮ ਹੈ:

– ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ॥ (੩੫)

– ਸਾ ਵੇਲਾ ਪਰਵਾਨੁ ਜਿਤੁ ਸਤਿਗੁਰੁ ਭੇਟਿਆ॥ (੫੨੦)

ਸੋ ਪ੍ਰਭੂ ਦਾ ਸਿਮਰਨ ਕਿਸੇ ਖ਼ਾਸ ਵੇਲੇ ਦੀ ਕੈਦ ਤੋਂ ਬਾਹਰਾ ਹੈ।

੨. ਕਿਸੇ ਬੀਮਾਰੀ ਕਾਰਨ ਕਈ ਪ੍ਰਾਣੀ ਪਾਣੀ ਨਾਲ ਨਹ੍ਹਾ ਨਹੀਂ ਸਕਦੇ ਤਾਂ ਕੀ ਉਨ੍ਹਾਂ ਲਈ ਪ੍ਰਭੂ ਸਿਮਰਨ ਦੀ ਮਨਾਹੀ ਹੈ ਅਤੇ ਜੇ ਬੀਮਾਰਾਂ ਲਈ ਕੋਈ ਅੱਡਰੀ ਛੋਟ ਹੈ ਤਾਂ ਫਿਰ ਇਸ਼ਨਾਨ ਕਰਕੇ ਨਾਮ ਸਿਮਰਨ ਵਾਲਾ ਗੁਰਬਾਣੀ ਦਾ ਇਹ ਉਪਦੇਸ਼ ਸਰਬ ਸਾਂਝਾ ਕਿਵੇਂ ਹੋਇਆ?

੩. ਗੁਰਬਾਣੀ ਵਿੱਚ ਪਿੰਡੇ ਦੇ ਇਸ਼ਨਾਨ ਨੂੰ ਸਰੀਰ ਦਾ ਰੋਗ ਕੱਟਣ ਵਾਲਾ ਕਿਧਰੇ ਵੀ ਨਹੀਂ ਫੁਰਮਾਇਆ ਪਰ ਪ੍ਰਭੂ ਦੇ ਨਾਮ ਨੂੰ ਸਾਰੀਆਂ ਬੀਮਾਰੀਆਂ ਦਾ ਅਮੋਘ ਦਾਰੂ ਮੰਨਿਆ ਹੈ **"ਸਰਬ ਰੋਗ ਕਾ ਅਉਖਦੁ ਨਾਮੁ"**॥ ਜਿਹੜਾ ਰੋਗ ਹੋਰ ਕਿਸੇ ਉਪਾਵ ਨਾਲ ਨਾਂ ਜਾਂਦਾ ਹੋਵੇ ਪ੍ਰਭੂ ਦਾ ਨਾਮ ਉਸਨੂੰ ਮਿਟਾ ਦਿੰਦਾ ਹੈ:

- ਅਨਿਕ ਉਪਾਵੀ ਰੋਗੁ ਨ ਜਾਇ॥ ਰੋਗੁ ਮਿਟੈ ਹਰਿ ਅਵਖਧੁ ਲਾਇ॥ (੨੮੮)

- ਪ੍ਰਭ ਚਿਤਿ ਆਏ ਸਭੁ ਦੁਖੁ ਜਾਇ॥ ਭੈ ਸਭ ਬਿਨਸਹਿ ਹਰਿ ਕੈ ਨਾਇ॥ (੧੯੪)

- ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ॥ (੬੨੨)

ਗੁਰਬਾਣੀ ਦੇ ਕਿਸੇ ਸ਼ਬਦ ਜਾਂ ਤੁਕ ਦੇ ਅਰਥ ਕਰਨ ਸਮੇਂ ਗੁਰਮਤਿ ਦੇ ਕਿਸੇ ਵੀ ਸਿਧਾਂਤ ਦੀ ਉਲੰਘਣਾ ਨਹੀਂ ਹੋਣੀ ਚਾਹੀਦੀ। ਅਜਿਹਾ ਕਰਨਾ ਗੁਰਬਾਣੀ ਦੀ ਨਿੰਦਿਆ ਦਾ ਪਾਪ ਹੈ। ਇਸ ਮਹਾਂਵਾਕ ਦੀ ਪਹਿਲੀ ਤੁਕ ਦੇ ਅਰਥ ਇੰਜ ਕੀਤੇ ਜਾਣ ਤਾਂ ਗੁਰਮਤਿ ਦੇ ਕਿਸੇ ਸਿਧਾਂਤ ਦੀ ਅਵੱਗਿਆ ਨਹੀਂ ਹੁੰਦੀ।

"ਹੇ ਭਾਈ, ਆਪਣੇ ਪ੍ਰਭੂ ਦੇ ਨਾਮ ਸਿਮਰਨ ਨਾਲ ਆਤਮਿਕ ਇਸ਼ਨਾਨ ਕਰੋ ਤਾਂ ਜੋ ਤੁਹਾਡੇ ਮਨ ਅਤੇ ਤਨ ਦੇ ਸਾਰੇ ਰੋਗ ਦੂਰ ਹੋ ਜਾਣ।"

ਅਗਲੇ ਮਹਾਂਵਾਕ ਦੇ ਅਰਥ ਵੀ ਏਸੇ ਤਰ੍ਹਾਂ ਭੁਲੇਖਾ ਪਾਊ ਹੀ ਕੀਤੇ ਜਾਂਦੇ ਹਨ:

- ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ॥ (੧੧੮੫)

ਗੁਰਮਤਿ ਅਨੁਸਾਰ ਕੀਤੇ ਹੋਏ ਇਸ ਮਹਾਂਵਾਕ ਦੇ ਠੀਕ ਅਰਥ ਇਉਂ ਬਣਦੇ ਹਨ:

ਸਵੇਰੇ ਤੜਕੇ ਉਠਕੇ ਨਾਮ ਜਲ ਵਿੱਚ ਇਸ਼ਨਾਨ ਕਰਿਆ ਕਰੋ, ਭਾਵ ਨਾਮ ਜਲ ਵਿੱਚ ਚੁਭੀ ਲਾਉ, ਡੂੰਘੀ ਸੁਰਤ ਜੋੜੋ, ਸੁੱਤੇ ਹੋਏ ਵੀ ਪ੍ਰਮਾਤਮਾ ਦੀ ਅਰਾਧਨਾ ਵਿੱਚ ਜੁੜੇ ਰਹੋ (ਭਾਵ ਜੇ ਉਠਣ ਸਮੇਂ ਤੋਂ ਲੈ ਕੇ ਸੌਣ ਦੇ ਸਮੇਂ ਤੱਕ ਪ੍ਰਮਾਤਮਾ ਦੀ ਯਾਦ ਨਿਰੰਤਰ ਹਿਰਦੇ ਵਿੱਚ ਟਿਕੀ ਰਹੇ)

- ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ (੨੧੩)

ਤਦ ਨੀਂਦ ਵਿੱਚ ਵੀ ਪ੍ਰਭੂ ਦੀ ਯਾਦ ਬਣੀ ਰਹਿੰਦੀ ਹੈ। ਜਿਹੜੇ ਇਹ ਉਦਮ ਕਰਦੇ ਹਨ ਉਨ੍ਹਾਂ ਨੂੰ ਪਿਆਰਾ ਗੁਰੂ ਕਾਮਾਦਿਕਾਂ ਦੇ ਟਾਕਰੇ ਤੇ ਔਖੇ ਦਾਅ ਤੋਂ ਕਾਮਯਾਬ ਕਰ ਦਿੰਦਾ ਹੈ, ਉਹ ਮਨੁੱਖ ਆਤਮਿਕ ਅਡੋਲਤਾ ਦੇ ਸੁੱਖ ਅਨੰਦ ਨਾਲ ਪ੍ਰਭੂ ਚਰਨਾਂ ਵਿੱਚ ਟਿਕੇ ਰਹਿੰਦੇ ਹਨ।

- ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ॥
ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ॥ (੮੩੬)

ਗੁਰਮਤਿ ਦੇ ਹੋਰ ਇਸ਼ਨਾਨ

<u>ਧੂੜੀ ਵਿੱਚ ਇਸ਼ਨਾਨ</u>

– ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥ (੧੩੫)

– ਜਾ ਪ੍ਰਭ ਭਏ ਦਇਆਲ ਨ ਬਿਆਪੈ ਮਾਇਆ॥ ਕੋਟਿ ਅਘਾ ਗਏ ਨਾਸ ਹਰਿ ਇਕੁ ਧਿਆਇਆ॥
ਨਿਰਮਲ ਭਏ ਸਰੀਰ ਜਨ ਧੂਰੀ ਨਾਇਆ॥ ਮਨ ਤਨ ਭਏ ਸੰਤੋਖ ਪੂਰਨ ਪ੍ਰਭੁ ਪਾਇਆ॥
ਤਰੇ ਕੁਟੰਬ ਸੰਗਿ ਲੋਗ ਕੁਲ ਸਬਾਇਆ॥ (੭੧੦)

– ਸਤਸੰਗਤਿ ਸਾਧ ਧੂਰਿ ਮੁਖਿ ਪਰੀ॥ ਇਸਨਾਨੁ ਕੀਓ ਅਠਸਠਿ ਸੁਰਸਰੀ॥ (੧੧੩੪)

– ਸੰਤ ਰੇਨੁ ਨਿਤਿ ਮਜਨੁ ਕਰੈ॥ ਜਨਮ ਜਨਮ ਕੇ ਕਿਲਬਿਖ ਹਰੈ॥ (੧੩੦੦)

– ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ॥ ਲਧੇ ਹਤੇ ਥੋਕੜੇ ਨਾਨਕ ਹਰਿ ਧਨੁ ਮਾਲ॥ (੮੦)

ਹਿਰਦੇ ਅੰਦਰਲੇ ਤੀਰਥ ਤੇ ਇਸ਼ਨਾਨ

– ਉਲਟੀ ਗੰਗਾ ਜਮੁਨ ਮਿਲਾਵਉ॥ ਬਿਨੁ ਜਲ ਸੰਗਮ ਮਨ ਮਹਿ ਨ੍ਹਾਵਉ॥
ਲੋਚਾ ਸਮਸਰਿ ਇਹੁ ਬਿਉਹਾਰਾ॥ ਤਤੁ ਬੀਚਾਰਿ ਕਿਆ ਅਵਰਿ ਬੀਚਾਰਾ॥ (੩੨੭)

– ਅੰਤਰਿ ਨਾਵਣੁ ਸਾਚੁ ਪਛਾਣੈ॥ ਅੰਤਰ ਕੀ ਗਤਿ ਗੁਰਮੁਖਿ ਜਾਣੈ॥
ਸਾਚ ਸਬਦ ਬਿਨੁ ਮਹਲੁ ਨ ਪਛਾਣੈ॥ (੪੧੪)

– ਸਪਤਮੀ ਸਤੁ ਸੰਤੋਖੁ ਸਰੀਰਿ॥ ਸਾਤ ਸਮੁੰਦ ਭਰੇ ਨਿਰਮਲ ਨੀਰਿ॥
ਮਜਨੁ ਸੀਲੁ ਸਚੁ ਰਿਦੈ ਵੀਚਾਰਿ॥ ਗੁਰ ਕੈ ਸਬਦਿ ਪਾਵੈ ਸਭਿ ਪਾਰਿ॥
ਮਨਿ ਸਾਚਾ ਮੁਖਿ ਸਾਚਉ ਭਾਇ॥ ਸਚੁ ਨੀਸਾਣੈ ਠਾਕ ਨ ਪਾਇ॥ (੮੩੯)

– ਬੰਧਚਿ ਬੰਧਨੁ ਪਾਇਆ॥ ਮੁਕਤੈ ਗੁਰਿ ਅਨਲੁ ਬੁਝਾਇਆ॥
ਜਬ ਨਖ ਸਿਖ ਇਹੁ ਮਨੁ ਚੀਨ੍ਹਾ॥ ਤਬ ਅੰਤਰਿ ਮਜਨੁ ਕੀਨ੍ਹਾ॥ (੯੭੧)

ਸਤਿਗੁਰਾਂ ਦੇ ਇਸ਼ਨਾਨ ਵਾਲੇ ਸਿਧਾਂਤ ਨੂੰ ਕਈ ਪੱਖਾਂ ਤੋਂ ਵਿਚਾਰਨ ਉਪਰੰਤ ਸਿੱਟਾ ਇਹੀ ਨਿਕਲਦਾ ਹੈ ਕਿ ਸਤਿਗੁਰਾਂ ਨੇ ਪਿੰਡੇ ਦੇ ਇਸ਼ਨਾਨ ਨੂੰ ਸਿੱਖ ਧਰਮ ਜਾਂ ਭਗਤੀ ਦਾ ਅੰਗ ਨਹੀਂ ਮੰਨਿਆ। ਹਿਰਦੇ ਵਿੱਚ ਅਕਾਲ ਪੁਰਖ ਦੀ ਸਦੀਵੀ ਯਾਦ ਅਤੇ ਹਰ ਥਾਂ ਪ੍ਰਭੂ ਦੇ ਦਰਸ਼ਨ ਕਰਦਿਆਂ ਸੁਚ ਆਚਾਰ ਦੇ ਮਾਲਕ ਬਣੇ ਰਹਿ ਕੇ ਸੁਕ੍ਰਿਤ ਕਰਨੀ ਹੀ ਸਿੱਖੀ ਦਾ ਜ਼ਰੂਰੀ ਇਸ਼ਨਾਨ ਹੈ।

ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ

ਪੰਥਕ ਰਹਿਤ ਮਰਿਯਾਦਾ ਵਿੱਚ ਪੰਥ ਨੇ ਅਕਾਲ ਪੁਰਖ ਕੋਲੋਂ ਸਿੱਖਾਂ ਵਾਸਤੇ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ, ਨਾਮ ਦਾਨ ਦੀ ਮੰਗ ਦੇ ਨਾਲ ਹੀ ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ ਦੀ ਮੰਗ ਵੀ ਕੀਤੀ ਹੋਈ ਹੈ। ਇਸ ਰਹਿਤ ਮਰਿਯਾਦਾ ਦੇ ਖਰੜੇ ਵਿੱਚ ਸਰੋਵਰ ਦੇ ਜਲ ਨੂੰ ਅੰਮ੍ਰਿਤ ਨਹੀਂ ਲਿਖਿਆ ਅਤੇ ਨਾ ਹੀ ਉਸ ਜਲ ਵਿੱਚ ਕਿਸੇ ਉਚੇਚੀ ਸ਼ਕਤੀ ਦਾ ਹੀ ਜ਼ਿਕਰ ਕੀਤਾ ਹੈ।

ਪਰ ਅਕਾਲ ਪੁਰਖ ਕੋਲੋਂ ਅੰਮ੍ਰਿਤਸਰ ਜੀ ਦੇ ਇਸ਼ਨਾਨ ਦੀ ਮੰਗ ਵਿੱਚ ਅਜਿਹਾ ਵੀ ਕੋਈ ਸੰਕੇਤ ਨਹੀਂ ਹੈ ਜਿਸ ਤੋਂ ਇਹ ਸਪੱਸ਼ਟ ਹੋ ਸਕਦਾ ਹੋਵੇ ਕਿ ਇਹ ਇਸ਼ਨਾਨ ਕਿਹੜੇ ਅੰਮ੍ਰਿਤ ਦੇ ਸਰੋਵਰ ਵਿੱਚ ਕਰਨਾ ਹੈ। ਏਹੀ ਸਮਝਿਆ ਜਾਂਦਾ ਹੈ ਕਿ ਹਰਿਮੰਦਰ ਸਾਹਿਬ ਜੀ ਦਾ ਸਰੋਵਰ ਆਮ ਵਰਤੋਂ ਵਾਲੇ ਜਲ ਨਾਲ ਨਹੀਂ ਸਗੋਂ ਅੰਮ੍ਰਿਤ ਨਾਲ

ਭਰਿਆ ਹੋਇਆ ਹੈ। ਸਪੱਸ਼ਟ ਸੰਕੇਤ ਨਾ ਹੋਣ ਕਰਕੇ ਮਨਮਤਿ ਵਰਤਣ ਦੀ ਖੁੱਲ੍ਹ ਹੋ ਗਈ। ਆਪਣੀ ਮਤਿ ਸੁਚੱਜੇ ਢੰਗ ਨਾਲ ਵਰਤ ਸਕਣ ਵਾਲਿਆਂ ਨੇ ਅਰਦਾਸ ਵਿੱਚ ਕੀਤੀ ਇਸ ਮੰਗ ਦੀ ਬੜੀ ਮਹੱਤਤਾ ਆਪਣੇ ਦ੍ਰਿਸ਼ਟੀਕੋਨ ਤੋਂ ਮੰਨੀ ਹੈ।

ਇਸੇ ਖੁੱਲ੍ਹ ਤੋਂ ਉਤਸ਼ਾਹਿਤ ਹੋ ਕੇ ਕਈ ਵਿਦਵਾਨ ਲਿਖਾਰੀਆਂ ਨੇ ਹਰਿਮੰਦਰ ਸਾਹਿਬ ਦੇ ਸਰੋਵਰ ਨੂੰ ਅੰਮ੍ਰਿਤ ਦਾ ਸਰੋਵਰ ਲਿਖ ਕੇ ਇਸ ਵਿੱਚ ਕੀਤੇ ਇਸ਼ਨਾਨ ਤੋਂ ਮਿਲਦੇ ਫਲਾਂ ਦਾ ਜ਼ਿਕਰ ਕਰਨ ਦੇ ਨਾਲ ਸ਼ਹਿਰ ਵਿਚਲੇ ਬਾਕੀ ਸਰੋਵਰਾਂ ਵਿੱਚ ਕੀਤੇ ਇਸ਼ਨਾਨ ਨੂੰ ਵੀ ਨਾਲ ਹੀ ਉਚੇਚੇ ਫਲ ਦੇਣ ਵਾਲਾ ਇਨ੍ਹਾਂ ਸ਼ਬਦਾਂ ਵਿੱਚ ਲਿਖ ਦਿੱਤਾ:

੧. ਸ੍ਰੀ ਅੰਮ੍ਰਿਤ ਸਰੋਵਰ ਦਾ ਇਸ਼ਨਾਨ ਜੀਵਨ ਨੂੰ ਅੰਮ੍ਰਿਤਮਈ ਬਣਾਉਂਦਾ ਹੈ ਤੇ ਮਰਨ ਦਾ ਭੈ ਦੂਰ ਹੋ ਜਾਂਦਾ ਹੈ।

੨. ਰਾਮਸਰ ਦਾ ਇਸ਼ਨਾਨ ਬਾਣੀ ਦਾ ਇਸ਼ਨਾਨ ਮੰਨਿਆ ਜਾਂਦਾ ਹੈ ਕਿਉਂਕਿ ਇਸ ਸਰੋਵਰ ਦੇ ਕੰਢੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੀ ਹੋਈ ਸੀ ਤੇ ਸੁਖਮਨੀ ਸਾਹਿਬ ਦਾ ਉਚਾਰਨ ਵੀ।

੩. ਬਿਬੇਕਸਰ ਦੇ ਇਸ਼ਨਾਨ ਤੋਂ ਬਿਬੇਕ ਪ੍ਰਾਪਤ ਹੁੰਦਾ ਹੈ। ਇਸ ਸਰੋਵਰ ਦੇ ਕੰਢੇ ਬਿਬੇਕੀ ਮਹਾਂਪੁਰਖ ਟਿਕਦੇ ਹੁੰਦੇ ਸਨ।

੪. ਸੰਤੋਖਸਰ ਦੇ ਇਸ਼ਨਾਨ ਨਾਲ ਆਤਮਿਕ ਤ੍ਰਿਪਤੀ ਹੁੰਦੀ ਹੈ, ਕਿਰਤ ਕਰਦੇ ਹੋਏ ਵੰਡ ਛਕਣ ਦਾ ਉਮਾਹ ਜਾਗਦਾ ਹੈ। ਉਹ ਸੰਤੋਖ ਪ੍ਰਾਪਤ ਹੁੰਦਾ ਹੈ ਜਿਸ ਬਾਝੋਂ ਰੱਜ ਨਹੀਂ ਹੁੰਦਾ। "**ਬਿਨਾ ਸੰਤੋਖ ਨਹੀ ਕੋਊ ਰਾਜੈ**"

੫. ਕੌਲਸਰ ਦੇ ਇਸ਼ਨਾਨ ਤੋਂ ਇੱਕ ਆਜ਼ਾਦੀ ਦੀ ਚੇਟਕ ਲਗਦੀ ਹੈ। ਗੁਰੂ ਹਰਿ ਗੋਬਿੰਦ ਸਾਹਿਬ ਬੀਬੀ ਕੋਲਾਂ ਨੂੰ ਤਸੀਹਿਆਂ ਤੋਂ ਛੁਡਾ ਕੇ ਲਿਆਏ ਸਨ ਤੇ ਇਹ ਸਰੋਵਰ ਉਸਦੀ ਯਾਦ ਵਿੱਚ ਹੈ ਤਾਂ ਦੂਜੇ ਪਾਸੇ ਆਤਮ ਖੇੜੇ ਦਾ ਉਮਾਹ ਜਾਗਦਾ ਤੇ ਉਰਧ ਕਮਲ ਬਿਗਸਦਾ ਹੈ।

ਇਸ ਮਨਮਤਿ ਨੂੰ ਵੀ ਗੁਰਮਤਿ ਅਨੁਸਾਰ ਹੀ ਮੰਨਿਆ ਜਾਂਦਾ ਹੈ ਕਿਉਂਕਿ ਅਕਾਲ ਤਖ਼ਤ ਸਾਹਿਬ ਅਥਵਾ ਹਰਿਮੰਦਰ ਸਾਹਿਬ ਵੱਲੋਂ ਇਸ ਵਿਰੁੱਧ ਕਦੇ ਕੋਈ ਇਤਰਾਜ ਨਹੀਂ ਕੀਤਾ ਗਿਆ।

ਏਧਰ ਹਿੰਦੂਆਂ ਦੇ ਤੀਰਥ ਹਜ਼ਾਰਾਂ ਸਾਲਾਂ ਤੋਂ ਬੜੇ ਪਵਿੱਤ੍ਰ ਮੰਨੇ ਜਾਂਦੇ ਸਨ। ਤੀਰਥਾਂ ਬਾਰੇ ਇਹ ਵਿਸ਼ਵਾਸ ਬੜਾ ਪੱਕਾ ਬਣਿਆ ਹੋਇਆ ਸੀ ਕਿ ਉਹ ਪਾਪਾਂ ਦਾ ਨਾਸ਼ ਕਰਨ ਵਾਲੇ, ਕਈ ਤਰ੍ਹਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਵਾਲੇ ਅਤੇ ਪ੍ਰਾਣੀ ਦਾ ਪ੍ਰਲੋਕ ਸੁਧਾਰ ਦੇਣ ਦੀ ਸ਼ਕਤੀ ਵਾਲੇ ਹਨ। ਕ੍ਰੋੜਾਂ ਦੀ ਗਿਣਤੀ ਵਿੱਚ ਲੋਕ ਤੀਰਥਾਂ ਦੇ ਇਸ਼ਨਾਨ ਤੋਂ ਆਪਣੇ ਮਨ ਇੱਛੇ ਫਲ ਪ੍ਰਾਪਤ ਕਰ ਲੈਣ ਦੇ ਭਰੋਸੇ ਨਾਲ ਇਨ੍ਹਾਂ ਤੀਰਥਾਂ ਦੀ ਪੂਜਾ ਬੰਦਨਾ ਕਰਦੇ ਆ ਰਹੇ ਹਨ।

ਪਰ ਜਦ ਗੁਰੂ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਗੁਰੂ ਸਾਹਿਬਾਨ, ਹਿੰਦੂ ਤੀਰਥਾਂ ਤੇ ਪੁੱਜ ਕੇ ਲੋਕਾਂ ਦੇ ਉਸ ਵਿਸ਼ਵਾਸ ਦੀ ਖੰਡਨਾ ਕਰਦੇ ਦਰਸ਼ਨ ਦੇ ਰਹੇ ਹਨ। ਫਿਰ ਤੀਰਥ ਯਾਤਰਾ ਤੋਂ ਜਾਂ ਤੀਰਥਾਂ ਦੇ ਇਸ਼ਨਾਨਾਂ ਤੋਂ ਮਿਲਦੇ ਫਲਾਂ ਦੇ ਭਰਮ ਦੀ ਖੰਡਨਾ ਕਰਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫੁਰਮਾਨ ਅਸਾਂ ਉੱਪਰ ਵਿਚਾਰੇ ਹਨ। ਕੀ ਇਹ ਸਮਝਿਆ ਜਾਵੇ ਕਿ:

੧. ਦੂਜੇ ਧਰਮ ਦੇ ਤੀਰਥਾਂ ਨੂੰ ਬੰਦ ਕਰਵਾ ਕੇ ਗੁਰੂ ਸਾਹਿਬ ਉਸੇ ਤਰ੍ਹਾਂ ਦੇ ਤੀਰਥ ਆਪ ਸਿਰਜਣੇ ਚਾਹੁੰਦੇ ਸਨ?

੨. ਕੀ ਗੁਰੂ ਸਾਹਿਬਾਨ ਦਾ ਇਹ ਵਿਚਾਰ ਸੀ ਕਿ ਹਿੰਦੂ ਤੀਰਥਾਂ ਦੀ ਮਹਿਮਾਂ ਘਟਾ ਕੇ ਸਾਰੀ ਰੌਣਕ ਆਪਣੇ ਸਿਰਜੇ ਚਸ਼ਮਿਆਂ, ਖੂਹਾਂ, ਬਉਲੀਆਂ ਆਦਿ ਤੇ ਲੈ ਆਂਦੀ ਜਾਵੇ?

੩. ਕੀ ਇਉਂ ਮੰਨਿਆ ਜਾਵੇ ਕਿ ਹਿੰਦੂਆਂ ਦੇ ਤੀਰਥ ਇਸ਼ਨਾਨ ਨੂੰ ਨਿਸਫ਼ਲ ਕਹਿਣ ਵਾਲੇ ਗੁਰੂ ਨੇ ਆਪ ਅਜਿਹੇ ਤੀਰਥ ਥਾਪ ਲਏ ਸਨ ਜਿਨ੍ਹਾਂ ਦੇ ਜਲ ਵਿੱਚ ਸਾਰੀਆਂ ਰੱਬੀ ਸ਼ਕਤੀਆਂ ਆ ਬਿਰਾਜੀਆਂ ਸਨ?

੪. ਕੀ ਸਤਿਗੁਰੂ ਨਾਨਕ ਜੀ ਬਾਰੇ ਇਹ ਸੋਚਿਆ ਜਾਵੇ ਕਿ ਉਨ੍ਹਾਂ ਦਾ ਉਹ ਉਪਦੇਸ਼ ਸਿਰਫ਼ ਬ੍ਰਾਹਮਣਾਂ ਜਾਂ ਹਿੰਦੂਆਂ ਵਾਸਤੇ ਹੀ ਸੀ?

੫. ਕੀ ਗੁਰਦੇਵ ਜੋ ਕੁਝ ਮੂੰਹੋਂ ਕਹਿੰਦੇ ਸਨ ਜਾਂ ਲਿਖਦੇ ਸਨ, ਆਪ ਉਸਦੇ ਉਲਟ ਕਰਮ ਕਰਦੇ ਸਨ?

੬. ਕੀ ਸਤਿਗੁਰਾਂ ਦਾ ਉਪਦੇਸ਼ ਇੱਕ ਡਰਾਮਾ ਹੀ ਸੀ?

੭. ਕੀ ਗੁਰੂ ਇਤਿਹਾਸ ਨਾਲ ਜੁੜੇ ਅਥਵਾ ਗੁਰੂ ਘਰਾਂ ਨਾਲ ਜੁੜੇ ਚਸ਼ਮਿਆਂ, ਸਰੋਵਰਾਂ, ਬਉਲੀਆਂ ਆਦਿ ਦੇ ਇਸ਼ਨਾਨ ਨੂੰ ਫਲਦਾਇਕ ਸ਼ਕਤੀਆਂ ਵਾਲੇ ਮੰਨ ਕੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇਅਦਬੀ ਤਾਂ ਨਹੀਂ ਕਰ ਰਹੇ?

੮. ਕੀ ਪੰਥ ਦੀ ਅਗਵਾਈ ਦੇ ਜ਼ਿੰਮੇਵਾਰ ਕਿਸੇ ਜਥੇਦਾਰ ਨੇ ਜਾਂ ਅਸਾਂ ਕਦੇ ਇਨ੍ਹਾਂ ਪ੍ਰਸ਼ਨਾਂ ਵੱਲ ਧਿਆਨ ਦਿੱਤਾ ਹੈ?

ਆਪਣੇ ਨਿਆਰੇ ਗੁਰੂ ਨਾਨਕ ਜੀ ਦੇ ਨਿਆਰੇ ਗਿਆਨ ਦੇ ਪ੍ਰਤਿਕੂਲ ਕੋਈ ਵਿਚਾਰ ਲਿਖਣੀ ਜਾਂ ਕਹਿਣੀ ਤਾਂ ਕਿਤੇ ਰਹੀ, ਅਜਿਹੀ ਸੋਚ ਹਿਰਦੇ ਵਿੱਚ ਆਉਣ ਦੇਣੀ ਕਦੇ ਨਾਂ ਬਖਸ਼ਿਆ ਜਾਣ ਵਾਲਾ ਪਾਪ ਹੈ, ਘੋਰ ਅਪਰਾਧ ਹੈ। ਅਸੀਂ ਹੀ ਬਿਪ੍ਰ ਦੀ ਸਿੱਖਿਆ ਤੋਂ ਪ੍ਰਭਾਵਿਤ ਹੋ ਕੇ ਆਪਣੇ ਗੁਰੂ ਦੇ ਗਿਆਨ ਤੋਂ ਮੂੰਹ ਫੇਰੀ ਜਾ ਰਹੇ ਹਾਂ।

ਇਨ੍ਹਾਂ ਜਲ ਭੰਡਾਰਾਂ ਦੀ ਸਾਂਝੀ ਵਰਤੋਂ ਨੇ ਸ਼ੂਦਰ ਦੇ ਮਨ ਵਿੱਚ ਦਲੇਰੀ ਭਰ ਦਿੱਤੀ ਕਿ ਉਹ ਵੀ ਉਸੇ ਜਲ ਦੀ ਉਸੇ ਤਰ੍ਹਾਂ ਹੀ ਵਰਤੋਂ ਕਰ ਸਕਦਾ ਹੈ ਜਿਵੇਂ ਕੋਈ ਉੱਚ ਜਾਤੀ ਠਾਕੁਰ, ਖੱਤ੍ਰੀ ਜਾਂ ਬ੍ਰਾਹਮਣ ਕਰ ਸਕਦਾ ਸੀ। ਗੁਰਮਤਿ ਦੇ ਇਹ ਸਾਂਝੇ ਸਰੋਵਰ ਅਤੇ ਬਉਲੀਆਂ, ਛੂਤਛਾਤ ਦੇ ਭੂਤ ਦੇ ਮੂੰਹ ਤੇ ਬੜੀ ਕਰਾਰੀ ਚਪੇੜ ਸੀ। ਇਹ ਸਾਰੇ ਜਲ ਭੰਡਾਰ ਸਾਂਝੀਵਾਲਤਾ ਅਤੇ ਪ੍ਰਸਪਰ ਪਿਆਰ ਦੇ ਉਪਦੇਸ਼ ਦਾ ਬਹੁਤ ਅਸਰਦਾਇਕ ਸਾਧਨ ਸਿੱਧ ਹੋਏ ਸਨ। ਸਤਿਗੁਰਾਂ ਦੇ ਸ਼ਬਦ ਦੇ ਮਨਮੱਤੀ ਅਰਥ ਕਰਕੇ ਬਿਪ੍ਰਨ ਕੀ ਰੀਤ ਦੇ ਧਾਰਨੀ ਬਣਨਾਂ ਗੁਰੂ ਸ਼ਬਦ ਦੀ ਪਛਾਣ ਭੁੱਲ ਜਾਣਾ ਹੈ ਜੋ ਮਨਮੁਖਤਾਈ ਹੈ:

– ਸੇ ਮਨਮੁਖ ਜੋ ਸਬਦੁ ਨ ਪਛਾਣਹਿ॥ ਗੁਰ ਕੇ ਭੈ ਕੀ ਸਾਰ ਨਾ ਜਾਣਹਿ॥ (੧੦੫੪)

ਪੰਥਕ ਮਰਿਯਾਦਾ ਦੇ ਲਿਖਣ ਸਮੇਂ ਜਿਹੜੀ ਅੰਮ੍ਰਿਤਸਰ ਦੇ ਇਸ਼ਨਾਨਾਂ ਦੀ ਮੰਗ ਭਾਵੇਂ ਉਹ ਬਿਲਕੁਲ ਗੁਰਬਾਣੀ ਦੇ ਹੁਕਮਾਂ ਦੇ ਅਨੁਕੂਲ ਹੀ ਹੈ, ਪਰ ਗੁਰਬਾਣੀ ਦੇ ਹੁਕਮਾਂ ਦੀ ਪ੍ਰਵਾਹ ਕਰਨੀ ਭੁੱਲੀ ਜਾ ਰਹੇ ਸਿੱਖ ਨੇ, ਮੰਗ ਦੇ ਆਪਣੀ ਵਿਉਂਤ ਵਾਲੇ ਅਰਥ ਘੜ੍ਹ ਲਏ ਅਤੇ ਗੁਰੂ ਨਾਨਕ ਜੀ ਦੀ ਅਦੁੱਤੀ ਘਾਲਣਾ ਨੂੰ ਵਿਅਰਥ ਸਿੱਧ ਕਰ ਦੇਣ ਦਾ ਤਹਈਆ ਕਰ ਲਿਆ। ਹਿੰਦੂ ਤੀਰਥਾਂ ਵਾਂਗ ਹੀ ਮੱਸਿਆ, ਪੁੰਨਿਆ, ਸੰਗਰਾਂਦ ਆਦਿ ਤੇ ਇਸ਼ਨਾਨ ਕਰਨ ਵਾਲੇ ਗੁਰੂ ਦੇ ਲਾਲਾਂ ਦੀਆਂ ਭੀੜਾਂ ਗੁਰੂ ਘਰਾਂ ਵਿੱਚ ਬਣੇ ਸਰੋਵਰਾਂ ਤੇ ਵੀ ਵਧਦੀਆਂ ਹੀ ਗਈਆਂ।

ਪਰ ਲੋਕਾਂ ਦਾ ਵੀ ਕੀ ਦੋਸ਼? ਰਾਗੀਆਂ ਤੋਂ ਜਦ ਸਤਿਗੁਰਾਂ ਦਾ ਇਹ ਹੁਕਮ ਸੁਣੀਏ **"ਰਾਮ ਹਰਿ ਅੰਮ੍ਰਿਤ ਸਰਿ ਨਾਵਾਰੇ"** ਕਿ ਹੇ ਰਾਮ ਸਾਨੂੰ ਸ੍ਰੀ ਅੰਮ੍ਰਿਤਸਰ ਸਰੋਵਰ ਦੇ ਇਸ਼ਨਾਨ ਕਰਵਾ ਅਤੇ ਫਿਰ **"ਬਿਖਿਆ ਮੂਲ ਜਾਇਆ ਅੰਮ੍ਰਿਤ ਸਰਿ ਨਾਵਹੁ"** ਜਿਸਦਾ ਅਰਥ ਵੀ ਏਹੀ ਸੁਣਾਇਆ ਜਾਂਦਾ ਹੈ ਕਿ, ਜੇ ਮਾਇਆ ਜ਼ਹਿਰ ਦੇ ਮੋਹ ਨੂੰ ਜੜ੍ਹਾਂ ਤੋਂ ਮੁਕਾਉਣਾ ਹੈ ਤਾਂ ਸ੍ਰੀ ਅੰਮ੍ਰਿਤਸਰ ਦੇ ਸਰੋਵਰ ਵਿੱਚ ਇਸ਼ਨਾਨ ਕਰਿਆ ਕਰੋ।

ਕੁੱਝ ਟਾਵੇਂ ਗੁਰਮੁਖ ਪ੍ਰੀਵਾਰਾਂ ਨੂੰ ਛੱਡ ਕੇ ਲਗਪਗ ਸਾਰੇ ਸਿੱਖ ਜਗਤ ਵਿੱਚ ਇਹੀ ਭਰੋਸਾ ਬਣ ਚੁੱਕਾ ਹੈ ਕਿ ਹਿੰਦੂ ਤੀਰਥਾਂ ਦੇ ਇਸ਼ਨਾਨ ਤਾਂ ਭਾਵੇਂ ਨਿਸਫ਼ਲ ਹੀ ਹੋਣਗੇ ਪਰ ਗੁਰੂਘਰਾਂ ਵਿੱਚ ਬਣੇ ਸਰੋਵਰਾਂ ਦੇ ਇਸ਼ਨਾਨ ਪਾਪਾਂ ਨੂੰ ਨਾਸ ਜ਼ਰੂਰ ਕਰ ਦਿੰਦੇ ਹਨ ਅਤੇ ਗੁਰੂ ਘਰਾਂ ਦੇ ਇਨ੍ਹਾਂ ਸਰੋਵਰਾਂ ਵਿੱਚ ਇਸ਼ਨਾਨ ਕੀਤਿਆਂ ਮਨ ਦੀਆਂ ਮੁਰਾਦਾਂ ਵੀ

ਜ਼ਰੂਰ ਪੂਰੀਆਂ ਹੋ ਜਾਂਦੀਆਂ ਹਨ। ਗੁਰਮਤਿ ਸਿਧਾਂਤ ਦੀ ਖੰਡਨਾ ਕਰਨ ਵਾਲੇ ਇਸ ਦੁਖਦਾਈ ਭੁਲੇਖੇ ਤੋਂ ਛੁਟਕਾਰਾ ਪਾਉਣ ਲਈ ਗੁਰਬਾਣੀ ਦੇ ਸ਼ਬਦਾਂ ਦੀ ਵਿਚਾਰ ਬੜੀ ਇਕਾਗਰਤਾ ਨਾਲ ਕਰਨ ਦੀ ਲੋੜ ਹੈ। ਗੁਰਬਾਣੀ ਵਿਚਾਰ ਅਰੰਭ ਕਰਨ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਮੁੱਢਲਾ ਇਤਿਹਾਸ ਜਾਣ ਲੈਣਾ ਬੜਾ ਜ਼ਰੂਰੀ ਹੈ।

ਸ੍ਰੀ ਅੰਮ੍ਰਿਤਸਰ ਦਾ ਸੰਖੇਪ ਇਤਿਹਾਸ

ਸ੍ਰੀ ਗੁਰੂ ਅਮਰਦਾਸ ਜੀ ਨੇ ਤੁੰਗ, ਗੁਮਟਾਲਾ ਅਤੇ ਸੁਲਤਾਨਵਿੰਡ ਪਿੰਡਾਂ ਤੋਂ ਜ਼ਮੀਨ ਲਈ ਹੋਈ ਸੀ। ੧੬੨੧ ਵਿੱਚ ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੀ ਆਗਿਆ ਨਾਲ ਗੋਇੰਦਵਾਲ ਸਾਹਿਬ ਤੋਂ ਆ ਕੇ ਇਸ ਜ਼ਮੀਨ ਵਿਚਲੀ ਨੀਵੀਂ ਥਾਂ ਵਿੱਚ ਤਲਾਬ ਖੁਦਵਾਇਆ ਸੀ। ਫਿਰ ੧੬੩੧ ਵਿੱਚ ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਨੇ ਏਥੇ ਇੱਕ ਪਿੰਡ ਬੱਧਾ ਤੇ ਉਸਦਾ ਨਾਮ ਗੁਰੂ ਕਾ ਚੱਕ ਰੱਖਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਹੁੰਦਿਆਂ ਹੀ ਪਿਤਾ ਗੁਰੂ ਜੀ ਦੇ ਪਿੰਡ ਤਲਾਬ ਦੀ ਸੇਵਾ ਬੜੇ ਪਿਆਰ ਅਤੇ ਉਤਸ਼ਾਹ ਨਾਲ ਕਰਨੀ ਅਰੰਭ ਕਰ ਦਿੱਤੀ ਅਤੇ ਫਿਰ ੧੬੩੯ ਵਿੱਚ ਨਗਰ ਦਾ ਨਾਮ ਰਾਮਦਾਸਪੁਰਾ ਰੱਖਿਆ। ੧੬੪੩ ਵਿੱਚ ਸਰੋਵਰ ਨੂੰ ਪੱਕਾ ਕਰਨਾ ਸ਼ੁਰੂ ਕਰ ਦਿੱਤਾ। ਭਾਦੋਂ ਸੁਦੀ ੧ ਸੰਮਤ ੧੬੬੧ ਵਾਲੇ ਦਿਨ ਸਰੋਵਰ ਵਿਚਕਾਰ ਬਣੇ ਮੰਦਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੰਚਮ ਪਾਤਿਸ਼ਾਹ ਜੀ ਨੇ ਆਪਣੇ ਕਰ ਕੰਵਲਾਂ ਨਾਲ ਕੀਤਾ। ਗੁਰਬਾਣੀ ਰੂਪ ਅੰਮ੍ਰਿਤ ਦਾ ਮਹਾਨ ਸਾਗਰ ਜਿਸ ਸਰੋਵਰ ਦੇ ਐਨ ਵਿਚਕਾਰ ਆ ਬਿਰਾਜਿਆ ਸੀ ਉਸ ਸਰੋਵਰ ਦਾ ਨਾਮ ਵੀ ਸਤਿਗੁਰਾਂ ਨੇ ਅੰਮ੍ਰਿਤਸਰ ਹੀ ਰੱਖ ਦਿੱਤਾ। ਫਿਰ ਇਸ ਸਰੋਵਰ ਦੇ ਨਾਮ ਤੋਂ ਰਾਮਦਾਸਪੁਰ ਨਗਰ ਦਾ ਨਾਮ ਵੀ ਅੰਮ੍ਰਿਤਸਰ ਹੋ ਗਿਆ। ਭਾਵ ਸੰਨ ੧੬੦੪ ਤੋਂ ਪਹਿਲਾਂ ਨਾਂ ਹੀ ਇਸ ਅਜੋਕੇ ਸ਼ਹਿਰ ਦਾ ਨਾਮ ਅੰਮ੍ਰਿਤਸਰ ਸੀ ਅਤੇ ਨਾ ਹੀ ਸਰੋਵਰ ਦਾ ਨਾਮ ਅੰਮ੍ਰਿਤਸਰ ਸੀ।

ਗੁਰਬਾਣੀ ਨੇ ਕੇਵਲ ਪ੍ਰਭੂ ਨਾਮ ਨੂੰ ਹੀ ਅੰਮ੍ਰਿਤ ਮੰਨਿਆ ਹੈ। **"ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤ ਨਾਹਿ॥"** **(੧੨੩੮)** ਕਿਸੇ ਨਾਸਵੰਤ ਅਥਵਾ ਦ੍ਰਿਸ਼ਟਮਾਨ ਪਦਾਰਥ ਨੂੰ ਸਦੀਵੀ ਜ਼ਿੰਦਗੀ ਦੇ ਸਕਣ ਦੀ ਸ਼ਕਤੀ ਵਾਲਾ ਅੰਮ੍ਰਿਤ ਸਤਿਗੁਰਾਂ ਨੇ ਮੁੱਢੋਂ ਹੀ ਨਹੀਂ ਮੰਨਿਆ। ਗੁਰੂ ਸ਼ਬਦਾਂ ਦੇ ਅਰਥ ਸਮਝਣ ਲੱਗਿਆਂ ਸਤਿਗੁਰਾਂ ਦੇ ਇਸ ਫੁਰਮਾਨ ਅਥਵਾ ਗੁਰਮਤਿ ਦੇ ਇਸ ਅਟੱਲ ਸਿਧਾਂਤ ਨੂੰ ਅੱਖੋਂ ਉਹਲੇ ਕਰ ਦੇਣਾ ਅਗਿਆਨਤਾ ਹੈ ਜਾਂ ਕੁਟਿਲਤਾ ਹੈ। ਆਉ ਹੁਣ ਰਾਮਦਾਸ ਸ਼ਬਦ ਦੇ ਅਰਥ ਵੀ ਚੰਗੀ ਤਰ੍ਹਾਂ ਸਮਝੀਏ। ਪਹਿਲਾਂ ਇਸ ਸ਼ਬਦ ਦੀ ਵਿਚਾਰ ਕਰੀਏ:

– ਸੇਵਹੁ ਸਤਿਗੁਰ ਸਮੁੰਦੁ ਅਥਾਹਾ॥ ਪਾਵਹੁ ਨਾਮੁ ਰਤਨੁ ਧਨੁ ਲਾਹਾ॥
ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ ਗੁਰ ਸਰ ਸੰਤੋਖੁ ਪਾਇਆ॥ (੧੦੪੩)

ਸਤਿਗੁਰੂ ਅਥਾਹ ਸਮੁੰਦਰ ਹੈ ਜਿਸ ਵਿੱਚ ਪ੍ਰਭੂ ਦੇ ਗੁਣਾਂ ਦੇ ਰਤਨ ਭਰੇ ਹੋਏ ਹਨ, ਗੁਰੂ ਦੀ ਦੱਸੀ ਸੇਵਾ ਕਰੋ। ਇਸ ਤਰ੍ਹਾਂ ਗੁਰੂ ਪਾਸੋਂ ਨਾਮ ਰਤਨ ਨਾਮ ਧਨ ਪ੍ਰਾਪਤ ਕਰ ਸਕੋਗੇ। ਏਹੀ ਹੈ ਮਨੁੱਖਾ ਜੀਵਨ ਦਾ ਲਾਭ। ਗੁਰੂ ਦੀ ਸ਼ਰਨ ਪੈ ਕੇ ਨਾਮ ਅੰਮ੍ਰਿਤ ਦੇ ਸਰੋਵਰ ਵਿੱਚ ਆਤਮਿਕ ਇਸ਼ਨਾਨ ਕਰੋ, ਇਸ ਤਰ੍ਹਾਂ ਮਾਇਆ ਦੇ ਮੋਹ ਦੀ ਮੈਲ ਮਨ ਤੋਂ ਧੁਖ ਜਾਵੇਗੀ ਅਥਵਾ ਤ੍ਰਿਸ਼ਨਾ ਮੁੱਕ ਜਾਵੇਗੀ ਤੇ ਗੁਰੂ ਸਰੋਵਰ ਦਾ ਸੰਤੋਖ ਜਲ ਪ੍ਰਾਪਤ ਹੋ ਜਾਵੇਗਾ।

ਇਹ ਸ਼ਬਦ ਸਤਿਗੁਰੂ ਨਾਨਕ ਦੇਵ ਜੀ ਨੇ ਉਚਾਰਿਆ ਸੀ ਭਾਵ ਸੰਮਤ ੧੫੯੬ ਤੋਂ ਪਹਿਲਾਂ। ਉਸ ਵੇਲੇ ਅੰਮ੍ਰਿਤਸਰ ਸਰੋਵਰ ਜਾਂ ਅੰਮ੍ਰਿਤਸਰ ਸ਼ਹਿਰ ਦਾ ਕੋਈ ਨਾਮ ਪਤਾ ਕਿਸੇ ਦੀ ਜ਼ਬਾਨ ਤੇ ਨਹੀਂ ਸੀ। ਸਿੱਖਾਂ ਵਿੱਚ ਕਈ ਧਰਮ ਆਗੂ ਅਜਿਹੇ ਵੀ ਹਨ ਜਿਹੜੇ ਗੁਰੂ ਸਾਹਿਬ ਨੂੰ ਹਰ ਸਮੇਂ ਕਰਾਮਾਤਾਂ ਕਰਦੇ ਦਰਸਾਉਣ ਵਾਲੇ, ਜਾਂ ਸਤਿਗੁਰਾਂ ਦੀ ਸਰਬ ਉੱਚਤਾ ਸਿਰਫ਼ ਕਰਾਮਾਤਾਂ ਦੇ ਕਾਰਨ ਹੀ ਮੰਨਣ ਦੀ ਅਨੋਖੀ ਸ਼ਰਧਾ ਵਾਲੇ ਹਨ। ਅਜਿਹੇ ਡੇਰੇਦਾਰਾਂ ਨੂੰ ਜਾਂ ਉਨ੍ਹਾਂ ਦੇ ਚੇਲਿਆਂ ਨੂੰ ਜਾਂ ਅਗਿਆਨੀ ਸਿੱਖਾਂ ਨੂੰ ਇਹ ਕਹਿੰਦੇ ਸੁਣਿਆ ਜਾਂਦਾ ਹੈ ਕਿ ਸ਼ਹਿਰ ਜਾਂ ਸਰੋਵਰ ਦਾ ਨਾਮ ਅੰਮ੍ਰਿਤਸਰ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਹਿਲੇ ਸਰੂਪ ਸਮੇਂ ਹੀ ਮਿਥ ਦਿੱਤਾ ਸੀ। ਅਖੇ ਉਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਦੱਸ ਦਿੱਤਾ ਸੀ ਕਿ ਅਸਾਂ ਆਪਣੇ ਚੌਥੇ ਅਤੇ ਪੰਜਵੇਂ ਜਾਮੇਂ ਸਮੇਂ ਇਸ ਥਾਂ 'ਤੇ ਅੰਮ੍ਰਿਤ ਦਾ ਸਰੋਵਰ ਪ੍ਰਗਟ ਕਰਨਾ ਹੈ ਅਤੇ ਬੜਾ ਵੱਡਾ ਨਗਰ ਵਸਾਉਣਾ ਹੈ ਜਿਸ ਦਾ ਨਾਮ ਅੰਮ੍ਰਿਤਸਰ ਹੋਵੇਗਾ। ਉਨ੍ਹਾਂ ਦਾ ਹੀ

ਕਥਨ ਹੈ ਕਿ ਸਤਿਗੁਰਾਂ ਇਹ ਵੀ ਫੁਰਮਾਨ ਕੀਤਾ ਸੀ ਕਿ ਇਹ ਥਾਂ ਲੋਕਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਵਾਲਾ ਬੜਾ ਕਰਾਮਾਤੀ ਤੀਰਥ ਅਸਥਾਨ ਹੋਵੇਗਾ। ਅਜਿਹੇ ਲੋਕ ਇਹ ਵੀ ਕਹਿੰਦੇ ਹਨ ਕਿ ਹੇਮਕੁੰਡ ਤੇ ਤਪੱਸਿਆ ਵੀ ਗੁਰੂ ਨਾਨਕ ਦੇਵ ਜੀ ਕਰਦੇ ਰਹੇ ਸਨ।

ਅਜਿਹੇ ਭੱਦਰ ਪੁਰਸ਼ ਉਸੇ ਤਰ੍ਹਾਂ ਦਾ ਹੀ ਪਾਪ ਕਰ ਰਹੇ ਹੁੰਦੇ ਹਨ ਜਿਹੜਾ ਬਿਪ੍ਰ ਨੇ ਸ੍ਰੀ ਰਾਮ ਚੰਦਰ ਤੇ ਸ੍ਰੀ ਕ੍ਰਿਸ਼ਨ ਦੀ ਕਥਾ ਲਿਖਣ ਸਮੇਂ ਕੀਤਾ ਸੀ। ਕੀ ਸਤਿਗੁਰਾਂ ਦੇ ਵੀ ਮਨ ਵਿੱਚ ਹੋਰ ਅਤੇ ਮੂੰਹ ਵਿੱਚ ਕੁਝ ਹੋਰ ਹੁੰਦਾ ਸੀ?

ਜੇ ਸਤਿਗੁਰਾਂ ਨੇ ਇਸ ਥਾਂ ਦਾ ਨਾਮ ਪਹਿਲੇ ਸਰੂਪ ਸਮੇਂ ਹੀ ਅੰਮ੍ਰਿਤਸਰ ਰੱਖ ਦਿੱਤਾ ਸੀ ਤਾਂ ਚੌਥੇ ਸਰੂਪ ਸਮੇਂ ਇਸ ਦਾ ਨਾਮ ਗੁਰੂ ਕਾ ਚੱਕ ਅਤੇ ਫਿਰ ਪੰਜਵੇਂ ਸਰੂਪ ਵੇਲੇ ਰਾਮਦਾਸਪੁਰ ਕਿਸ ਕਾਰਨ ਰੱਖਿਆ? ਫਿਰ ਸਤਿਗੁਰੂ ਰਾਮਦਾਸ ਜੀ ਨੇ ਸਰੋਵਰ ਦਾ ਆਰੰਭ ੧੬੨੧ ਸੰਮਤ ਵਿੱਚ ਕੀਤਾ ਅਤੇ ੧੬੪੫ ਵਿੱਚ ਸਤਿਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਪੱਕਾ ਕਰਕੇ ਇਸ ਵਿੱਚ ਜਲ ਭਰ ਦਿੱਤਾ ਸੀ, ਪਰ ਇਸ ਨੂੰ ਅੰਮ੍ਰਿਤਸਰ ਉਸ ਦਿਨ ਕਿਹਾ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਸੀ। ਫਿਰ ਨਗਰ ਦਾ ਨਾਮ ਸਰੋਵਰ ਦੇ ਨਾਮ ਕਾਰਨ ਰਾਮਦਾਸਪੁਰੇ ਤੋਂ ਅੰਮ੍ਰਿਤਸਰ ਆਪਣੇ ਆਪ ਬਣ ਗਿਆ। ਅਜਿਹੀਆਂ ਨਿਰਮੂਲ ਗੱਲਾਂ ਕਰਨ ਜਾਂ ਲਿਖਣ ਕਰਕੇ ਇਹ ਸ਼ੰਕੇ ਜਨਮ ਲੈਂਦੇ ਹਨ:

੧. ਸਤਿਗੁਰਾਂ ਨੇ ੧੬੨੧ ਵਿੱਚ ਤਲਾਬ ਦੀ ਖੁਦਾਈ ਸ਼ੁਰੂ ਕਰਨ ਸਮੇਂ ਹੀ ਇਸ ਦਾ ਨਾਮ ਅੰਮ੍ਰਿਤਸਰ ਕਿਸ ਕਾਰਨ ਨਾ ਰੱਖਿਆ?

੨. ਕੀ ਅਰੰਭ ਤੋਂ ਹੀ ਅਜਿਹਾ ਨਾ ਕਰਕੇ ਸਤਿਗੁਰਾਂ ਨੇ ਸ੍ਰੀ ਰਾਮ ਚੰਦਰ ਵਾਂਗ ਹੀ ਇਹ ਡਰਾਮਾ ਕੀਤਾ ਸੀ?

੩. ਕੀ ਸੱਚ ਦੇ ਅਵਤਾਰ ਸਤਿਗੁਰੂ ਨਾਨਕ ਦੇਵ ਜੀ ਦੇ ਬਾਰੇ ਅਜਿਹੀਆਂ ਵਿਚਾਰਾਂ ਨੂੰ ਜਨਮ ਦੇਣ ਦਾ ਕਾਰਨ ਬਣਨਾ ਮਹਾਂ ਪਾਪ ਨਹੀਂ?

੪. ਕੀ **"ਜਿਨ੍ ਮਨਿ ਹੋਰ ਮੁਖਿ ਹੋਰ ਸੇ ਕਾਂਢੇ ਕਚਿਆ"** ਜਿਹੇ ਪੱਕੇ ਸਿਧਾਂਤ ਵਾਲੇ ਸਤਿਗੁਰੂ ਜੀ ਬਾਰੇ ਅਜਿਹਾ ਸੋਚਣਾ ਬੱਜਰ ਪਾਪ ਨਹੀਂ ਹੈ?

ਅਜਿਹੀਆਂ ਗੱਲਾਂ ਕਰਨ ਵਾਲੇ ਉਹੀ ਹਨ ਜਿਹੜੇ ਸਤਿਗੁਰਾਂ ਦੇ ਹੁਕਮਾਂ ਅਨੁਸਾਰ ਜੀਵਨ ਬਣਾਉਣ ਦਾ ਯਤਨ ਕਰਨ ਦੀ ਅਥਵਾ ਗੁਰਮਤਿ ਦੇ ਅਟੱਲ ਸਿਧਾਂਤ ਨੂੰ ਸਮਝਣ ਦੀ ਲੋੜ ਇੱਕ ਝਮੇਲਾ ਸਮਝਦੇ ਹਨ ਅਤੇ ਗੁਰਬਾਣੀ ਨੂੰ ਸਤਿਗੁਰੂ ਨਾਨਕ ਜੀ ਦੀ ਕੇਵਲ ਮਾਤਰ ਅਤੇ ਮਹਾਨ ਕਰਾਮਾਤ ਨਹੀਂ ਮੰਨਦੇ। ਗੁਰਬਾਣੀ ਵਿੱਚ ਆਏ ਅੰਮ੍ਰਿਤਸਰ ਸ਼ਬਦ ਦਾ ਅਰਥ ਕੋਈ ਸ਼ਹਿਰ ਜਾਂ ਪਾਣੀ ਦਾ ਸਰੋਵਰ ਕਦੇ ਨਹੀਂ ਹੋ ਸਕਦਾ।

ਗੁਰੂ ਗਿਆਨ ਅਥਵਾ ਸਤਿਗੁਰੂ ਅੰਮ੍ਰਿਤਸਰ

– ਰਾਮ ਹਰਿ ਅੰਮ੍ਰਿਤ ਸਰਿ ਨਾਵਾਰੇ॥ ਸਤਿਗੁਰਿ ਗਿਆਨੁ ਮਜਨੁ ਹੈ ਨੀਕੋ ਮਿਲਿ ਕਲਮਲ ਪਾਪ ਉਤਾਰੇ॥ (੯੮੧)

– ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ॥
ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ॥
ਜਨ ਨਾਨਕ ਉਤਮ ਪਦੁ ਪਾਇਆ ਸਤਿਗੁਰ ਕੀ ਲਿਵ ਲਾਇ॥ (੪੦)

– ਹਉ ਵਾਰੀ ਜੀਉ ਵਾਰੀ ਗੁਰ ਚਰਣੀ ਚਿਤੁ ਲਾਵਣਿਆ॥
ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ॥ (੧੧੩)

– ਗੁਰੁ ਸਾਗਰੁ ਅੰਮ੍ਰਿਤ ਸਰੁ ਜੋ ਇਛੇ ਸੋ ਫਲੁ ਪਾਏ॥
ਨਾਮੁ ਪਦਾਰਥੁ ਅਮਰੁ ਹੈ ਹਿਰਦੈ ਮੰਨਿ ਵਸਾਏ॥ ਗੁਰ ਸੇਵਾ ਸਦਾ ਸੁਖੁ ਹੈ ਜਿਸ ਨੋ ਹੁਕਮੁ ਮਨਾਏ॥ (੧੦੧੧)

– ਹਮ ਮੈਲੁ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਙੁ॥
ਗੁਰਿ ਅੰਮ੍ਰਿਤ ਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੁ॥ (੭੩੨)

– ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਉਆ ਹੰਸੁ ਹੋਹੈ॥
ਨਾਨਕ ਧਨੁ ਧੰਨੁ ਵਡੇ ਵਡਭਾਗੀ ਜਿਨ੍ ਗੁਰਮਤਿ ਨਾਮੁ ਰਿਦੈ ਮਲੁ ਧੋਹੈ॥ (੪੯੩)

ਹਰਿ ਨਾਮ ਅੰਮ੍ਰਿਤਸਰ ਹੈ

– ਗੁਰ ਸਬਦੀ ਹਰਿ ਮਨਿ ਵਸੈ ਹਰਿ ਸਹਜੇ ਜਾਤਾ॥
ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤ ਸਰਿ ਨਾਤਾ॥ (੫੧੦)

– ਗੁਰ ਪੂਰੇ ਤੇ ਪੂਰਾ ਪਾਏ॥ ਹਿਰਦੈ ਸਬਦੁ ਸਚੁ ਨਾਮੁ ਵਸਾਇ॥
ਅੰਤਰੁ ਨਿਰਮਲੁ ਅੰਮ੍ਰਿਤ ਸਰਿ ਨਾਏ॥ ਸਦਾ ਸੂਚੇ ਸਾਚਿ ਸਮਾਏ॥ (੩੬੩)

ਕਾਇਆ ਅੰਦਰ ਅੰਮ੍ਰਿਤਸਰੁ

– ਸਬਦਿ ਮਰੈ ਸੋਈ ਜਨੁ ਪੂਰਾ॥ ਸਤਿਗੁਰੁ ਆਖਿ ਸੁਣਾਏ ਸੂਰਾ॥
ਕਾਇਆ ਅੰਦਰਿ ਅੰਮ੍ਰਿਤ ਸਰੁ ਸਾਚਾ ਮਨੁ ਪੀਵੈ ਭਾਇ ਸੁਭਾਈ ਹੇ॥ (੧੦੪੬)

ਗੁਰਬਾਣੀ ਵਿੱਚ ਪ੍ਰਮਾਤਮਾ ਦੇ ਨਾਮ ਨੂੰ ਅਥਵਾ ਸਤਿਗੁਰੂ ਨੂੰ ਅੰਮ੍ਰਿਤਸਰ ਫੁਰਮਾਨ ਕੀਤਾ ਹੈ। ਏਥੋਂ ਤੱਕ ਕਿ ਮਨੁੱਖਾ ਸਰੀਰ ਦੇ ਅੰਦਰ ਵੀ ਅੰਮ੍ਰਿਤਸਰ ਦੀ ਹੋਂਦ ਨੂੰ ਮੰਨਿਆ ਹੈ, ਪਰ ਪਾਣੀ ਦੇ ਭਰੇ ਕਿਸੇ ਸਰੋਵਰ ਨੂੰ, ਇੱਟਾ ਗਾਰੇ ਦੇ ਬਣੇ ਕਿਸੇ ਸ਼ਹਿਰ ਨੂੰ ਜਾਂ ਕਿਸੇ ਮੰਦਰ ਨੂੰ ਅਥਵਾ ਨਜ਼ਰ ਆਉਣ ਵਾਲੇ ਜਾਂ ਕਿਸੇ ਵੀ ਨਾਸਵੰਤ ਪਦਾਰਥ ਨੂੰ ਅੰਮ੍ਰਿਤਸਰ ਬਿਲਕੁਲ ਨਹੀਂ ਮੰਨਿਆ। ਗੁਰਬਾਣੀ ਅਥਵਾ ਬ੍ਰਹਮ ਵਿਚਾਰ ਦੇ ਮਹਾਨ ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਮਹਾਨ ਅੰਮ੍ਰਿਤ ਸਰੋਵਰ ਹਨ ਏਹੀ ਅੰਮ੍ਰਿਤ ਦਾ ਅਥਾਹ ਸਾਗਰ ਹਨ। ਜਿਸ ਥਾਂ ਤੇ ਗੁਰੂ ਗ੍ਰੰਥ ਸਾਹਿਬ ਜੀ ਜਾ ਬਿਰਾਜਦੇ ਹਨ ਉਹੀ ਥਾਂ ਬੈਕੁੰਠ ਬਣ ਜਾਂਦਾ ਹੈ। ਜਿੱਥੇ ਹਰੀ ਨਾਮ ਦਾ ਕੀਰਤਨ ਹੁੰਦਾ ਹੈ ਅਤੇ ਗੁਰੂ ਸ਼ਬਦ ਦੀ ਵਿਚਾਰ ਹੁੰਦੀ ਹੈ, ਗੁਰਮਤਿ ਨੇ ਉਸੇ ਨੂੰ ਅੰਮ੍ਰਿਤ ਸਰੋਵਰ ਮੰਨਿਆ ਹੈ। ਕਿਸੇ ਸ਼ਹਿਰ ਜਾਂ ਕਿਸੇ ਮੰਦਰ ਦਾ ਨਾਮ ਜੋ ਅੰਮ੍ਰਿਤਸਰ ਰੱਖ ਦਿੱਤਾ ਜਾਵੇ ਤਾਂ ਉਹ ਸਦੀਵੀ ਜ਼ਿੰਦਗੀ ਦੇ ਸਕਣ ਦੀ ਸ਼ਕਤੀ ਵਾਲੇ ਅੰਮ੍ਰਿਤ ਦਾ ਸਰੋਵਰ ਨਹੀਂ ਬਣ ਜਾਂਦਾ। ਜਿਵੇਂ ਨਾਨਕ, ਗੋਬਿੰਦ, ਅਮਰਦਾਸ ਕਈ ਮਨੁੱਖਾਂ ਦੇ ਨਾਮ ਹਨ, ਤਾਂ ਕੀ ਉਹ ਗੁਰੂ ਸਾਹਿਬਾਨ ਦੀ ਜੋਤਿ ਦੇ ਮਾਲਕ ਬਣ ਗਏ? ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਿੱਖ ਰਹਿਤ ਮਰਿਯਾਦਾ ਦੇ ਖਰੜੇ ਵਿੱਚ ਪੰਥਕ ਮੰਗ ਵੀ ਪਿੰਡੇ ਦੇ ਇਸ਼ਨਾਨ ਦੀ ਨਹੀਂ ਹੈ। ਨਾਮ ਦੇ ਸਰੋਵਰ ਸਤਿਗੁਰੂ ਜੀ ਦੀ ਸੰਗਤ ਨੂੰ ਹੀ ਅੰਮ੍ਰਿਤਸਰ ਮੰਨ ਕੇ ਉਸ ਵਿੱਚ ਹੁੰਦੇ ਆਤਮਿਕ ਇਸ਼ਨਾਨ ਦੀ ਹੀ ਮੰਗ ਕੀਤੀ ਹੋਈ ਹੈ।

– ਭਾਂਡਾ ਧੋਵੈ ਕਉਣੁ ਜਿ ਕਚਾ ਸਾਜਿਆ॥ ਧਾਤੁ ਪੰਜਿ ਰਲਾਇ ਕੂੜਾ ਪਾਜਿਆ॥
ਭਾਂਡਾ ਆਣਗੁ ਰਾਸਿ ਜਾਂ ਤਿਸੁ ਭਾਵਸੀ॥ ਪਰਮ ਜੋਤਿ ਜਾਗਾਇ ਵਾਜਾ ਵਾਵਸੀ॥ (੧੪੧੧)